# ਉਹ ਹੁਣ ਚੁੱਪ ਨਹੀਂ

(ਕਾਵਿ ਸੰਗ੍ਰਹਿ)

ਹਰਪ੍ਰੀਤ ਕੌਰ ਧੂਤ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

**Oh Hun Chup Nahin**
(Punajbi Poetry) by
**Harpreet Kaur Dhoot**
3955 Spyglass C
Stockton CA 95219
USA
Mob : 2094231107

© ਲੇਖਕ

ਪਹਿਲੀ ਵਾਰ : 2020

**ਪ੍ਰਕਾਸ਼ਕ:** **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ,
ਸਾਹਮਣੇ ਗਲੀ ਨੰਬਰ 8, ਬਰਨਾਲਾ-148101, ਪੰਜਾਬ
ਫੋਨ : 01679-241744, 233244
Email: tarkbharti01@gmail.com

**ਛਾਪਕ:** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 300/-

---

**© 2020 All rights reserved**
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਇਹ ਕਿਤਾਬ ਉਨ੍ਹਾਂ ਔਰਤਾਂ ਦੇ ਨਾਂ ਹੈ
ਜੋ ਸਦੀਆਂ ਤੋਂ ਰਸਮਾਂ-ਰਿਵਾਜਾਂ ਤੇ ਧਰਮਾਂ ਦੇ ਨਾਮ
ਤੇ ਲਤਾੜੀਆਂ ਗਈਆਂ ਨੇ
ਉਨ੍ਹਾਂ ਔਰਤਾਂ ਦੇ ਨਾਮ ਹੈ
ਜੋ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ
ਹੱਕ ਸੱਚ ਦੀ ਲੜਾਈ ਲੜ ਰਹੀਆਂ ਨੇ
ਇਹ ਕਿਤਾਬ ਕਿਸੇ ਨੂੰ ਵੀ ਧਾਰਮਿਕ ਪੱਖ ਤੋਂ
ਠੇਸ ਪਹੁੰਚਾਉਣ ਦੇ ਲਈ ਨਹੀਂ ਹੈ
ਇੱਕ ਔਰਤ ਹੋਣ ਦੇ ਨਾਤੇ ਲੇਖਿਕਾ
ਦੇ ਆਪਣੇ ਨਿੱਜੀ ਵਿਚਾਰ ਨੇ
ਜੋ ਉਹ ਇੱਕ ਔਰਤ ਹੋਣ ਦੇ ਨਾਤੇ ਮਹਿਸੂਸ ਕਰਦੀ ਹੈ
ਇਹ ਕਿਤਾਬ ਮੈਂ ਆਪਣੀ ਸਵਰਗਵਾਸੀ ਮਾਂ ਗਿਆਨ ਸੁਰਜੀਤ ਕੌਰ ਨੂੰ
ਸਮਰਪਿਤ ਕਰਦੀ ਹਾਂ।

****

# ਦੋ-ਸ਼ਬਦ

ਅਮਰੀਕੀ ਪੰਜਾਬੀ ਸਾਹਿਤ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਪਣਾ ਮਹੱਤਵਪੂਰਨ ਸਥਾਨ ਬਣਾਇਆ ਹੈ। ਇਸਨੇ ਆਪਣੇ ਆਪ ਨੂੰ ਪੰਜਾਬੀ ਸਾਹਿਤ ਦੇ ਸਮਵਿੱਥ ਇੱਕ ਅਹਿਮ ਧਾਰਾ ਵੱਜੋਂ ਸਥਾਪਿਤ ਕਰ ਲਿਆ ਹੈ। ਇਹ ਸਾਹਿਤ ਵਿਚਾਰਧਾਰਾ ਤੇ ਸਰੋਕਾਰਾਂ ਦੀ ਪੱਧਰ ਤੇ ਵਿਸ਼ੇਸ਼ ਅਰਥ ਰੱਖਦਾ ਹੈ। ਇਸ ਸਾਹਿਤ ਦਾ ਇੱਕ ਹਾਸਿਲ ਇਹ ਵੀ ਹੈ ਕਿ ਇਹ ਸਾਹਿਤ ਅਮਰੀਕੀ ਰਾਜਨੀਤਕ ਪ੍ਰਬੰਧ ਅਤੇ ਸਮਾਜ ਸੱਭਿਆਚਾਰ ਦੇ ਧੌਂਸ ਮੂਲਕ ਵਰਤਾਰਿਆਂ ਨਾਲ ਪ੍ਰਵਚਨੀ ਸੁਰ ਬਣਾਉਣ ਦਾ ਯਤਨ ਕਰਦਾ ਹੈ। ਅਮਰੀਕੀ ਕਹਾਣੀ ਅਤੇ ਕਵਿਤਾ ਵਿੱਚ ਇਹ ਸੰਵਾਦ ਬੜੀ ਲਾਊਡ ਧੁਨੀ ਦੇ ਰੂਪ ਵਿੱਚ ਮਿਲਦਾ ਹੈ। ਇਸਦੇ ਨਾਲ ਹੀ ਬਹੁਤ ਸਾਰਾ ਅਮਰੀਕੀ ਸਾਹਿਤ, ਸਾਹਿਤਕ-ਦ੍ਰਿਸ਼ਟੀ ਪੱਖੋਂ ਵੀ ਮੁੱਲਵਾਨ ਪਹੁੰਚ ਰੱਖਦਾ ਹੈ। ਅਮਰੀਕੀ ਕਹਾਣੀ ਅਤੇ ਕਵਿਤਾ ਦੇ ਖੇਤਰ ਵਿੱਚ ਬਹੁਤ ਸਾਰੇ ਅਜਿਹੇ ਲੇਖਕ ਵੀ ਹਨ ਜਿਹੜੇ ਕਿ ਆਪਣੀ ਨਿਰੰਤਰ ਸਾਹਿਤ ਸਾਧਨਾ ਰਾਹੀਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ।

ਜੇਕਰ ਇਸ ਪ੍ਰਸੰਗ ਵਿੱਚ ਅਮਰੀਕੀ ਪੰਜਾਬੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਅਮਰੀਕੀ ਪੰਜਾਬੀ ਕਵਿਤਾ ਵਿੱਚ ਅਜਿਹੇ ਬਹੁਤ ਸਾਰੇ ਨਾਂ ਹਨ ਜਿਨ੍ਹਾਂ ਨੇ ਕਵਿਤਾ ਦੇ ਖੇਤਰ ਵਿੱਚ ਬੜਾ ਵੱਡਮੁਲਾ ਯੋਗਦਾਨ ਪਾਇਆ ਹੈ। ਇਹ ਕਵਿਤਾ ਬਦਲਦੀਆਂ ਵਿਸ਼ਵ-ਪ੍ਰਸਥਿਤੀਆਂ ਨੂੰ ਆਪਣੇ ਕਾਵਿ-ਵਸਤੂ ਵਜੋਂ ਪ੍ਰਸਤੁਤ ਕਰਦੀ ਹੋਈ ਸਮਕਾਲ ਦੇ ਮਹੱਤਵਪੂਰਨ ਮੁਦਿਆਂ ਤੇ ਫ਼ੋਕਸ ਕਰਨ ਦਾ ਯਤਨ ਕਰਦੀ ਹੈ। ਸਤੰਬਰ ਗਿਆਰਾਂ ਦੀ ਇਤਿਹਾਸਕ ਘਟਨਾ ਤੋਂ ਬਾਅਦ ਇਸ ਕਵਿਤਾ ਵਿੱਚ ਵਿਸ਼ੇ ਅਤੇ ਵਿਚਾਰਧਾਰਾ ਪੱਖੋਂ ਬਹੁਤ ਵੱਡਾ ਪਰਿਵਰਤਨ ਵਾਪਰਿਆ ਹੈ। ਭਾਵੇਂ ਕਿ ਇਸ ਕਵਿਤਾ ਦਾ ਆਧਾਰ ਰੰਗ ਨਸਲ ਅਤੇ ਜੈਂਡਰ ਵਖਰੇਵਿਆਂ ਨੂੰ ਬਣਾਇਆ ਜਾ ਸਕਦਾ ਹੈ ਪਰ ਫਿਰ ਵੀ ਇਸ ਕਵਿਤਾ ਦਾ ਪਾਠਗਤ ਅਧਿਐਨ ਬਹੁਤ ਸਾਰੇ ਸਿਰਜਣਾਤਮਕ ਪਸਾਰਾਂ ਦੀ ਪਰਖ਼ ਪੜ੍ਹਚੋਲ ਸਹਿਜੇ ਹੀ ਕਰ ਦਿੰਦਾ ਹੈ। ਇਹ ਫ਼ਰਕ ਵਿਸ਼ੈ ਅਤੇ ਸਰੋਕਾਰਾਂ ਦੀ ਪੱਧਰ ਤੇ ਸਪੱਸ਼ਟ ਰੂਪ ਵਿੱਚ ਪਹਿਚਾਣਿਆ ਜਾ ਸਕਦਾ ਹੈ। ਜੇਕਰ ਇਸ ਸਬੰਧੀ ਸਮੁੱਚੀ ਪੰਜਾਬੀ ਨਾਰੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਦੁਵੱਲੇ ਸੰਵਾਦ ਦੀ ਧਾਰਨੀ ਹੋ ਨਿਬੜਦੀ ਹੈ। ਇਹ ਕਵਿਤਾ ਪਿੱਤਰੀ ਸੱਤਾ ਅਤੇ ਪਰਵਾਸ ਵਿਚਲੇ ਸੰਕਟਾਂ ਅਤੇ ਦੁਸ਼ਵਾਰੀਆਂ ਨੂੰ ਬੜੀ ਉੱਚੀ ਸੁਰ ਵਿੱਚ ਮੁਖ਼ਾਤਿਬ ਹੁੰਦੀ ਹੈ। ਪਰਵਾਸੀ ਪਰਿਵੇਸ਼ ਵਿੱਚ ਨਾਰੀ ਦੀ ਸਥਿਤੀ ਬਹੁਤ

ਹੀ ਦਵੰਦਮਈ ਅਤੇ ਚਿੰਤਾਜਨਕ ਹੈ। ਉੱਥੋਂ ਦੇ ਆਰਥਿਕ ਵਸੀਲਿਆਂ ਵਿੱਚ ਬਰਾਬਰ ਦੀ ਭਾਈਵਾਲ ਹੋਣ ਦੇ ਬਾਵਜੂਦ ਵੀ ਉਹ ਸਟਰੈੱਸ ਅਤੇ ਇਕੱਲਤਾ ਹੰਢਾ ਰਹੀ ਹੈ। ਇਸ ਗੱਲ ਦਾ ਹਵਾਲਾ ਬਹੁਤ ਸਾਰੀ ਅਮਰੀਕੀ ਪੰਜਾਬੀ ਕਵਿਤਾ ਵਿੱਚ ਮਿਲ ਜਾਂਦਾ ਹੈ।

ਜੇਕਰ ਇਸ ਸੰਦਰਭ ਵਿੱਚ ਹਰਪ੍ਰੀਤ ਕੌਰ ਧੂਤ ਦੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਬਹੁਤ ਸਾਰੇ ਕਾਵਿ-ਪਾਸਾਰਾਂ ਨੂੰ ਆਪਣੀ ਸਿਰਜਣਾ ਦੇ ਨਾਲ ਲੈ ਕੇ ਤੁਰਦੀ ਹੈ। ਜੇਕਰ ਇਸ ਕਵਿਤਾ ਦਾ ਨਾਰੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਜਾਵੇ ਤਾਂ ਇਹ ਕਵਿਤਾ ਨਾਰੀ ਸਰੋਕਾਰਾਂ ਦੇ ਆਰ-ਪਾਰ ਫ਼ੈਲਦੀ ਹੋਈ ਅੰਤ ਵਿੱਚ ਮਾਨਵਵਾਦੀ ਦਿਸ਼ਾ ਅਖ਼ਤਿਆਰ ਕਰ ਲੈਂਦੀ ਹੈ। ਉਹ ਆਪਣੀ ਗੱਲ ਘਰ ਤੋਂ ਸ਼ੁਰੂ ਕਰਦੀ ਹੈ ਤੇ ਇਹ ਸੰਵਾਦ ਦੇਸ਼-ਵਿਦੇਸ਼ ਦੇ ਆਰ-ਪਾਰ ਫ਼ੈਲਦਾ ਹੋਇਆ ਬਹੁਅਰਥੀ ਸੰਕਲਪਾਂ ਵਿੱਚ ਪਰਿਵਰਤਿਤ ਹੋ ਜਾਂਦਾ ਹੈ। ਉਹ ਆਪਣੀ ਹੋਂਦ ਨੂੰ ਵੱਖ ਵੱਖ ਸਮਾਜਿਕ-ਸੱਭਿਆਚਾਰਕ ਵਰਤਾਰਿਆਂ ਦੇ ਸੰਦਰਭ ਵਿੱਚ ਪ੍ਰੀਭਾਸ਼ਤ ਕਰਦੀ ਹੋਈ ਆਪਣੇ ਆਲ਼ੇ-ਦੁਆਲੇ ਦੀਆਂ ਮਹੀਨ ਪਰਤਾਂ ਨੂੰ ਸਮਝਣ ਦਾ ਯਤਨ ਕਰਦੀ ਹੈ। ਉਸਦੀ ਕਵਿਤਾ ਸਦੀਆਂ ਤੋਂ ਔਰਤ ਦੀ ਤਰਸਯੋਗ ਹਾਲਤ ਨੂੰ ਇਤਿਹਾਸਕ ਮਿਥਿਹਾਸਕ ਘਟਨਾਵਾਂ ਦੀ ਰੋਸ਼ਨੀ ਵਿੱਚ ਵੇਖਦੀ ਹੋਈ ਉਸਦੀ ਵਰਤਮਾਨ ਤਸਵੀਰ ਉਲੀਕਣ ਦਾ ਯਤਣ ਕਰਦੀ ਹੈ। ਉਹ ਮਰਦ ਦੇ ਨਾਲ-ਨਾਲ ਸਾਡੇ ਸਮਾਜ ਸੱਭਿਆਚਾਰ ਦੇ ਉਨ੍ਹਾਂ ਦਮਨਮੂਲਕ ਵਰਤਾਰਿਆਂ ਨੂੰ ਵੀ ਹੱਥ ਪਾਉਣ ਦਾ ਯਤਨ ਕਰਦੀ ਹੈ, ਜਿਨ੍ਹਾਂ ਨੇ ਸਦੀਆਂ ਤੋਂ ਔਰਤ ਦੀ ਸਮਾਜਿਕ ਸਥਿਤੀ ਨੂੰ ਗੌਣ ਬਣਾਈ ਰੱਖਿਆ ਹੈ। ਹਰਪ੍ਰੀਤ ਇੱਕ ਸੰਵੇਦਨਸ਼ੀਲ ਸ਼ਾਇਰਾ ਹੈ। ਉਹ ਮਾਨਵੀ ਜੀਵਨ ਦੇ ਸੂਖ਼ਮ ਤੋਂ ਸੂਖ਼ਮ ਵਰਤਾਰਿਆਂ ਬਾਰੇ ਵੀ ਬੜੀ ਗਹਿਰ ਗੰਭੀਰ ਪ੍ਰਤੀਕ੍ਰਿਆ ਦਿੰਦੀ ਹੈ। ਇਹੀ ਕਾਰਨ ਹੈ ਕਿ ਉਹ ਆਪਣੇ ਅੰਦਰਲੇ ਸੂਖ਼ਮ ਸੰਸਾਰ ਅਤੇ ਬਾਹਰਲੀ ਦੁਨੀਆਂ ਦੀਆਂ ਕ੍ਰਾਂਤੀਆਂ ਨੂੰ ਗਹਿਰ ਗੰਭੀਰ ਨਜ਼ਰੀਏ ਤੋਂ ਸਮਝਣ ਲਈ ਯਤਨਸ਼ੀਲ ਹੈ। ਉਹ ਔਰਤ ਦੀ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਦੀ ਜੀਵਨ ਲੀਲ੍ਹਾ ਨੂੰ ਵੱਖ-ਵੱਖ ਸਮਾਜਿਕ ਸੱਭਿਆਚਾਰਕ ਚੌਖਟਿਆਂ ਰਾਹੀਂ ਚਿੱਤਰਤ ਕਰਦੀ ਹੋਈ ਆਪਣੀ ਆਵਾਜ਼ ਨੂੰ ਪ੍ਰਵਾਹਮਾਨ ਬਣਾਉਣ ਦਾ ਯਤਨ ਕਰਦੀ ਹੈ। ਸੰਵਾਦ ਉਸਦੀ ਕਵਿਤਾ ਦੀ ਇੱਕ ਸ਼ਕਤੀਸ਼ਾਲੀ ਜੁਗਤ ਹੈ। ਇਹ ਸੰਵਾਦ ਇੱਕ ਤਰਫ਼ਾ ਨਹੀਂ ਸਗੋਂ ਬਹੁਅਰਥੀ ਟੈੱਕਸਟ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਉਹ ਮਰਦ ਨੂੰ ਬੇਵਜ੍ਹਾ ਹੀ ਨਹੀਂ ਨਿੰਦਦੀ, ਉਹ ਮਰਦਾਵੀਂ ਸੱਤਾ ਦੇ ਖਿਲਾਫ਼ ਉਦੋਂ ਹਥਿਆਰ ਚੁੱਕਦੀ ਹੈ ਜਦੋਂ ਉਸਦੀ ਆਪਣੀ ਹੋਂਦ ਧਰਤੀ ਤੋਂ ਖਿਸਕਣ ਲੱਗਦੀ ਹੈ। ਉਦੋਂ ਉਹ ਆਦਿ ਕਾਲ ਤੋਂ ਲੈ ਕੇ ਵਰਤਮਾਨ ਦੌਰ ਤੱਕ ਔਰਤ ਦੇ ਜ਼ੁਲਮ ਸਿਤਮ ਦੀ ਗਾਥਾ ਨੂੰ ਇੱਕ

ਸੰਵਾਦ ਵਿੱਚ ਬੰਨ੍ਹਦੀ ਹੋਈ ਨਾਰੀ ਪ੍ਰਵਚਨ ਉਸਾਰਨ ਵਲ ਅਹੁੜਦੀ ਹੈ। ਇਸ ਪੁਸਤਕ ਦਾ ਸਿਰਲੇਖ 'ਉਹ ਹੁਣ ਚੁੱਪ ਨਹੀਂ' ਆਪਣੇ ਆਪ ਵਿੱਚ ਬਹੁਤ ਕੁਝ ਬਿਆਨ ਕਰ ਦਿੰਦਾ ਹੈ। ਇਸ ਵਿੱਚੋਂ ਜਿੱਥੇ ਔਰਤ ਦੀ ਜੱਥੇਬੰਦਕ ਚੇਤਨਾ ਦੀ ਧੁਨੀ ਉੱਭਰਦੀ ਹੈ, ਉਸਦੇ ਨਾਲ ਹੀ ਉਸਦੀ ਹੋਂਦ ਅਤੇ ਹਸਤੀ ਦਾ ਇੱਕ ਨਿਰੰਕੁਸ਼ ਬਿੰਬ ਵੀ ਉੱਭਰਦਾ ਹੈ। ਇਹ ਕਵਿਤਾ ਆਵਾਸ-ਪਰਵਾਸ ਦੇ ਇੱਕ ਵਿਸ਼ਾਲ ਕੈਨਵਸ ਤੇ ਉੱਸਰੀ ਹੋਈ ਹੈ। ਸ਼ਾਇਰਾ ਨੇ ਮਾਨਵੀ ਜੀਵਨ ਦੇ ਲਗਭਗ ਹਰ ਇੱਕ ਪੱਖ ਨੂੰ ਛੂਹਣ ਦਾ ਯਤਨ ਕੀਤਾ ਹੈ। ਇਸ ਕਵਿਤਾ ਵਿੱਚ ਜਿੱਥੇ ਨਾਰੀ ਸੰਸਾਰ ਦੀ ਵੇਦਨਾ-ਸੰਵੇਦਨਾ ਦੇ ਭਰਵੇਂ ਦੀਦਾਰ ਹੁੰਦੇ ਹਨ, ਉਸਦੇ ਨਾਲ ਹੀ ਵਿਲੱਖਣ ਅਤੇ ਗਹਿਰ ਗੰਭੀਰ ਕਾਵਿ-ਅੰਤਰ ਦ੍ਰਿਸ਼ਟੀਆਂ ਵੀ ਵੇਖਣ ਨੂੰ ਮਿਲਦੀਆਂ ਹਨ। ਉਮੀਦ ਕਰਦਾ ਹਾਂ ਕਿ ਪਾਠਕ ਹਰਪ੍ਰੀਤ ਦੀ ਇਸ ਕਾਵਿ ਪੁਸਤਕ ਨੂੰ ਵੀ ਭਰਵਾਂ ਹੁੰਗਾਰਾ ਦੇਣਗੇ।

**-ਡਾ. ਮੋਹਨ ਸਿੰਘ ਤਿਆਗੀ**
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਤਤਕਰਾ


ਦਿਲਾਸਾ
ਧੀਆਂ ਦੀ ਮਾਂ
ਫ਼ਰਮਾਨ
ਮਤਲਬ
ਸੈਕਸ ਮਸ਼ੀਨ
ਕਾਮੀ
ਬੜਬੋਲੀ
ਅਣਪੜ੍ਹ
ਮਾਂ
ਵੇਲ
ਸੀਤਾ ਲਾਚਾਰ ਨਹੀਂ ਹੈ
ਵਖਰੇਂਵਾਂ
ਚਿੜੀਆਂ
ਆਧੁਨਿਕਤਾ ਦਾ ਪਰਦਾ
ਛਟਪਟਾਹਟ
ਗਿਰੇਬਾਨ
ਔਰਤ
ਠੇਕੇਦਾਰ
ਕੰਕਰ
ਸੂਰਪਨਖ਼ਾ
ਇੱਕ ਕੁੜੀ
ਚਕਲਾ
ਤੁਲਸੀਦਾਸ
ਬੇਯਕੀਨੀ
ਕੈਦਖ਼ਾਨਾ
ਡਰ
ਉਹ ਤੇ ਉਹ
ਜੋ ਉਹ ਸੀ
ਖ਼ੁਸ਼ਕਿਸਮਤ
ਐਕਟਰੈੱਸ
ਆਜ਼ਾਦੀ
ਸਫ਼ਰ ਜਾਰੀ ਹੈ
ਵਿਹਲੜ
ਸਕੂਨ
ਸ਼ਕਤੀ
ਕਰਵਾਚੌਥ
ਔਰਤ
ਸੋਚ
ਦਰਦ-ਏ-ਦਿੱਲ
ਸ਼ੋਸਣ
ਨਜ਼ਰ
ਖੋਜ
ਮਾਡਲ
ਮੇਰੇ ਕਾਤਿਲ
ਖ਼ੂਨ ਦੇ ਛਿੱਟੇ
ਔਰਤ
ਬੇਪਰਵਾਹੀ
ਅਲਵਿਦਾ
ਭੈਅ
ਅਸੁੱਰਖਿਆ
ਬਲਾਤਕਾਰ
ਪੱਥਰ ਦੇ ਇਨਸਾਨ
ਬਲਾਤਕਾਰੀ
ਚੱਲ ਉੱਠ
ਸੱਚ ਹਾਰ ਰਿਹਾ ਹੈ
ਤੂੰ ਜਣਨੀ ਹੈਂ
ਸਵੈ ਦੀ ਖੋਜ
ਬੇਲਗਾਮ ਸ਼ਬਦ
ਦੀਵਾਰ
ਕਿਆਸ
ਉਹ ਮਰ ਗਈ ਹੈ
ਜੰਗਲ ਰਾਜ
ਉਹ ਕੌਣ ਸੀ ?
ਔਕਾਤ
ਬਗਾਵਤ
ਬੰਦ ਜਿੰਦਰੇ

ਕੋਝਾਪਨ
ਪੱਥਰ ਦੀ ਸਿੱਲ
ਉਹ ਡਰਦੀ ਹੈ
ਜਾਇਦਾਦ
ਮੂਰਤੀ
ਕੋਈ ਹੱਕ ਨਹੀਂ ਹੈ
ਬਹਾਨੇ
ਸੁਪਨਲੋਕ
ਕੁਝ ਕਹਿਣਾ ਚਾਹੁੰਦੀ ਹੈ
ਪਰਦਾ
ਮਰਦਾਂ ਦੀ ਦੀਵਾਰ
ਗਲਾਸੀ
ਹੰਕਾਰ
ਪੱਥਰਾਈਆਂ ਅੱਖਾਂ
ਤਸਵੀਰ
ਬੁੱਤਘਾੜਾ
ਲਾਚਾਰ
ਗਲਤੀਆਂ ਦੀ ਪੁਤਲੀ
ਮੋਨਾਲਿਜ਼ਾ
ਇਜ਼ਹਾਰ
ਹੁਨਰ
ਖ਼ੁਸ਼ੀ
ਡਾਂਸਰ
ਹਾਣੀ
ਚੁੱਪ
ਜਾਦੂਗਰ
ਅਸਤਿਤਵਹੀਣ
ਜਾਲੇ
ਭਾਂਬੜ
ਤੀਸਰਾ ਦਰਜਾ
ਕਦੇ ਕਦੇ
ਕੁਝ ਕਹਿ ਰਹੇ ਨੇ
ਕੂੜਾਦਾਨ
ਇੱਟ
ਵਾਪਸ ਲੈ ਲੈ
ਪਟਰਾਣੀ
ਆਖਿਰ ਕੱਦ ਤੱਕ
ਰਾਜਕੁਮਾਰੀ ਡਾਇਨਾ
ਉਹ ਕਿਉਂ ਦੱਸਦਾ ਹੈ
ਉਸਨੂੰ ਚੰਗਾ ਲੱਗਦਾ ਹੈ
ਕੋਈ ਨਹੀਂ ਹੈ
ਕਮਾਲ ਹੈ
ਫ਼ਰਕ
ਉਹ ਧਰਤੀ ਹੈ
ਲੱਭਦੀ ਫਿਰੇ
ਕਿਉਂ ?
ਸਾਹਿਬਾਂ
ਇੱਜ਼ਤ
ਮੀਰਾ
ਸੀਤਾ
ਉਸਨੂੰ ਕੀ ਪਤਾ ਸੀ
ਮੂਰਤੀ ਦੇਖਦੀ ਰਹੀ
ਨਾਸਰੀਨ ਦੇ ਲਈ
ਜੇ ਕਿਸੇ ਦਾ
ਸ਼ਿਅਰ
ਕੱਦ ਤੱਕ

## ਦਿਲਾਸਾ

ਸਭਨੇ ਉਸ ਤੇ ਇੱਕ ਇਲਜ਼ਾਮ ਸੀ ਲਾਇਆ
ਉਸਨੇ ਤੇਰਾ ਸੀ ਦਿਲ ਦੁਖਾਇਆ
ਤੇਰੇ ਨਾਲ ਜੋ ਕੁੱਝ ਵੀ ਸੀ ਹੋਇਆ
ਤੂੰ ਕੀ ਪਾਇਆ ਸੀ ਤੇ ਕੀ ਸੀ ਖੋਇਆ
ਇਹ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਕੀ ਉਹ ਹੀ ਸੀ, ਜਿਸਨੇ ਤੇਰਾ ਦਿਲ ਦੁਖਾਇਆ
ਸਿਰਫ਼ ਉਹ ਹੀ ਸੀ, ਜਿਸਨੇ ਤੇਰਾ ਸਕੂਨ ਚੁਰਾਇਆ
ਕਿਉਂ ਉਸਨੇ ਇਹ ਵੈਰ ਕਮਾਇਆ
ਕਿਉਂ ਉਸ ਤੇ ਇਹ ਇਲਜ਼ਾਮ ਸੀ ਲਾਇਆ
ਇਹ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਇਹ ਸਭ ਸੁਣ ਤੇਰੀਆਂ ਵੀ ਬੰਦ ਹੋ ਗਈਆਂ
ਸੀ ਅੱਖੀਆਂ
ਦਿਲ ਤੇਰਾ ਜ਼ਾਰੋ ਜ਼ਾਰੋ ਸੀ ਰੋਇਆ
ਤੇਰੇ ਨਾਲ ਇਹ ਸਭ ਪਹਿਲਾਂ ਵੀ ਹੁੰਦਾ ਸੀ
ਰੁਖ਼ਸਤ ਹੋਣ ਤੇ ਇੱਕ ਵਾਰ ਫਿਰ ਹੋਇਆ
ਇਹ ਸਭ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਤੇਰੇ ਨਾਲ ਉਹ ਦਿਲ ਤੋਂ ਜੁੜੀ
ਸਦਾ ਹੀ ਤੇਰੇ ਨਾਲ ਖੜ੍ਹੀ ਸੀ
ਇਸ ਵਿੱਚ ਉਸਦੀ ਕੀ ਖ਼ਤਾ ਸੀ
ਇਹ ਸਭ ਤੈਨੂੰ ਵੀ ਪਤਾ ਸੀ
ਇਹ ਸਭ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਉਸ ਕਰਕੇ ਕੁਝ ਵੀ ਨਹੀਂ ਸੀ ਹੋਇਆ
ਫਿਰ ਕਿਉਂ ਉਸਦਾ ਦਿਲ ਗਿਆ ਸੀ ਕੋਹਿਆ
ਤੇਰੇ ਹੱਕ ਲਈ ਉਹ ਖੜ੍ਹੀ ਸੀ
ਤੇਰੇ ਕਰਕੇ ਹੀ ਸਭ ਨਾਲ ਲੜੀ ਸੀ
ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਉਸ ਨੇ ਕੁਝ ਵੀ ਨਹੀਂ ਸੀ ਕਰਿਆ
ਕਿਉਂ ਉਸ ਸਿਰ ਇਹ ਇਲਜ਼ਾਮ ਗਿਆ ਧਰਿਆ
ਜੇ ਉਸ ਇੰਨਾ ਸੀ ਰੌਲ਼ਾ ਪਾਇਆ
ਕਿਸੇ ਦਾ ਤਾਂ ਨਹੀਂ ਸੀ ਹੱਕ ਚੁਰਾਇਆ
ਇਹ ਸਭ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਜਦ ਤੂੰ ਹੋ ਰੁਖ਼ਸਤ ਇਸ ਦੁਨੀਆਂ ਤੋਂ ਗਈ ਸੀ
ਸਾਰੀ ਸਾਰੀ ਰਾਤ ਉਹ ਕਿੱਥੇ ਪਈ ਸੀ
ਕਿਸੇ ਨਾ ਸੀ ਉਸਨੂੰ ਗਲ਼ ਨਾਲ ਹੀ ਲਾਇਆ
ਨਾ ਪਿਆਰ ਨਾਲ ਸੀ ਗਿਆ ਬੁਲਾਇਆ
ਇਹ ਸਭ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਉਸਦਾ ਦਿਲ ਸੀ ਅੰਦਰੋਂ ਪਿਆ ਰੋਇਆ
ਇਹ ਸਭ ਉਸ ਨਾਲ ਕੀ ਸੀ ਹੋਇਆ
ਨਾ ਕਿਸੇ ਉਸਦੇ ਹੰਝੂ ਹੀ ਪੂੰਝੇ
ਨਾ ਹੀ ਸੱਦਕੇ ਸੀ ਪਾਸ ਬਿਠਾਇਆ
ਇਹ ਸਭ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਰੂਹ ਤੇਰੀ ਉਸ ਵਕਤ ਕੋਲ ਸੀ ਉਸਦੇ
ਉਸਨੂੰ ਵੀ ਇਹ ਸਭ ਨਜ਼ਰ ਸੀ ਆਇਆ
ਰੂਹ ਤੇਰੀ ਤੋਂ ਲੇ ਕੇ ਦਿਲਾਸਾ
ਆਪਣੇ ਆਪ ਹੀ ਖ਼ੁਦ ਨੂੰ ਸੀ ਸਮਝਾਇਆ
ਇਹ ਸਭ ਤੂੰ ਤੇਰਾ ਖ਼ੁਦਾ ਜਾਣਦਾ ਹੈ

ਬੇਸ਼ੱਕ ਤੂੰ ਗੁੰਮ ਸੁੰਮ ਸੀ ਹੋ ਗਈ
ਦਿਲ ਤੇਰਾ ਵੀ ਤਾਂ ਸੀ ਭਰਿਆ ਭਰਿਆ
ਤੇਰੀ ਝੰਡ ਤਾਂ ਹਰ ਰੋਜ਼ ਸੀ ਹੁੰਦੀ
ਇਹ ਦਿਨ ਕੋਈ ਨਵਾਂ ਨਹੀਂ ਸੀ ਚੜ੍ਹਿਆ
ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਇੰਨਾ ਦਰਦ ਸੀ ਤੂੰ ਜਰਿਆ
ਕਿਸੇ ਨਾ ਕਦੀ ਤੇਰਾ ਦਿਲ ਪੜ੍ਹਿਆ
ਸੀਨੇ 'ਚ ਦਰਦ ਲੁਕੋ ਕੇ ਤੂੰ ਲੈ ਗਈ

ਤੇਰੀਆਂ ਅੱਖਾਂ 'ਚ ਸੀ ਉਸ ਪੜ੍ਹਿਆ
ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ

ਬੇਸ਼ੱਕ ਸਭ ਪਏ ਇਲਜ਼ਾਮ ਇਹ ਲਾਵਣ
ਉਸਨੂੰ ਹੀ ਮੁਜ਼ਰਿਮ ਬਣਾਵਣ
ਪਰ ਤੂੰ ਉਸ ਤੇ ਕੋਈ ਗਿਲ਼ਾ ਨਾ ਕੀਤਾ
ਇਸ ਦੁਨੀਆਂ ਤੋਂ ਜਾਣ ਤੋਂ ਪਹਿਲਾਂ
ਉਸਦੇ ਹੱਥੋਂ ਹੀ ਘੁੱਟ ਅੰਮ੍ਰਿਤ ਦਾ ਸੀ ਪੀਤਾ
ਤੇ ਘੁੱਟਕੇ ਉਸਦਾ ਹੱਥ ਸੀ ਤੂੰ ਫੜਿਆ
ਇਹ ਸਭ ਤੂੰ ਤੇ ਤੇਰਾ ਖ਼ੁਦਾ ਜਾਣਦਾ ਹੈ।
✪

## ਧੀਆਂ ਦੀ ਮਾਂ

ਉਹ ਬੋਲਦੀ ਬੋਲਦੀ ਇਸ ਦੁਨੀਆਂ
ਤੋਂ ਤੁਰ ਗਈ
ਕਿਉਂਕਿ
ਉਹ ਸਿਰਫ਼ ਧੀਆਂ ਦੀ ਮਾਂ ਸੀ
ਧੀਆਂ ਉਸ ਨੂੰ ਚੁੱਪ ਕਰਾਉਂਦੀਆਂ
ਕਈ ਵਾਰ ਉਸ ਨਾਲ ਲੜਦੀਆਂ
ਫਿਰ ਖਿੱਝਦੀਆਂ
ਫਿਰ ਆਪ ਹੀ ਸਮਝਾਉਂਦੀਆਂ

ਕਦੇ ਕਦੇ
ਇਲਜ਼ਾਮ ਉਸਦੇ ਸਿਰ ਹੀ ਧਰਦੀਆਂ
ਫਿਰ ਪਿਘਲ ਜਾਂਦੀਆਂ
ਉਸਦੀ ਬੇਇੱਜ਼ਤੀ ਨਾ ਸਹਿੰਦੀਆਂ
ਧੀਆਂ
ਉਸ ਨੂੰ ਬਹੁਤ ਕੁੱਝ ਹੀ ਕਹਿੰਦੀਆਂ
ਬਹੁਤ ਕੁੱਝ ਹੀ ਉਸ ਤੋਂ ਸੁਣਦੀਆਂ
ਕਈ ਕੁੱਝ ਕਹਾਉਂਦੀਆਂ
ਬਹੁਤ ਵਾਰ ਉਸਦਾ ਦਿਲ
ਦੁਖਾਉਂਦੀਆਂ
ਕਿਉਂਕਿ ਉਹ ਸਿਰਫ਼ ਧੀਆਂ ਦੀ
ਮਾਂ ਸੀ

ਉਹ
ਬੋਲਦੀ ਬੋਲਦੀ ਭੁੱਲ ਜਾਂਦੀ
ਫਿਰ ਮਨ ਭਰ ਲੈਂਦੀ
ਤੇ ਕਹਿੰਦੀ
ਇਹ ਹੈ ਮੇਰੀ ਕਿਸਮਤ
ਕੋਈ ਮੇਰਾ ਨਹੀਂ ਬਣਿਆ

ਮੈਂ
ਜੋ ਵੀ ਮਰਜ਼ੀ ਕਰ ਲਵਾਂ
ਚਾਹੇ ਸੀਸ ਤਲੀ ਤੇ ਧਰ ਲਵਾਂ
ਪਰ ਕੋਈ
ਮੇਰਾ ਨਹੀਂ ਬਣਿਆ
ਹੌਲ਼ੀ ਹੌਲ਼ੀ
ਭਾਂਡੇ ਟੀਂਡੇ ਚੱਕ
ਸਾਰਾ ਦਿਨ ਰਸੋਈ 'ਚ ਵੜ
ਚਾਹੇ! ਘਸ ਜਾਏ ਉਸਦੇ
ਤਨ ਦੀ ਚਾਦਰ
ਚਾਹੇ! ਬਣ ਜਾਏ ਉਹ
ਮਿੱਟੀ ਦੀ ਗੁੱਡੀ
ਖ਼ੌਰੇ ਕਿਉਂ
ਕੋਈ ਵੀ
ਉਸਦਾ ਨਹੀਂ ਸੀ ਬਣਿਆ
ਕਿਉਂਕਿ
ਉਹ ਧੀਆਂ ਦੀ ਮਾਂ ਸੀ

ਸਭ ਕੁਝ ਕਰਕੇ, ਸਭ ਕੁੱਝ ਸਹਿਕੇ
ਉਸਨੇ ਤਾਂ ਸਿਰਫ਼
ਅਣਪੜ੍ਹ, ਜ਼ਾਹਿਲ ਤੇ ਬੇਵਕੂਫ਼
ਹੀ ਹੈ ਕਹਾਉਣਾ
ਇਹ ਸਭ ਕਹਿੰਦੀ ਸੁਣਦੀ
ਤੇ ਸਹਿੰਦੀ ਹੀ
ਉਹ ਇਸ ਫ਼ਾਨੀ ਦੁਨੀਆਂ ਤੋਂ
ਤੁਰ ਗਈ
ਕਿਉਂਕਿ
ਉਹ ਤਾਂ ਸਿਰਫ਼ ਧੀਆਂ ਦੀ ਮਾਂ ਸੀ।
✪

## ਫ਼ਰਮਾਨ

ਤੈਨੂੰ ਇਸ ਦੁਨੀਆਂ ਵਿੱਚ ਅਸ਼ਾਂਤ ਕੀਤਾ
ਤੂੰ ਉਸ ਜਹਾਨ ਵਿੱਚ ਸ਼ਾਂਤ ਹੋਵੇਂ
ਤੈਨੂੰ ਬਰਬਾਦ ਇਸ ਜਹਾਨ ਕੀਤਾ
ਤੂੰ ਉਸ ਦੁਨੀਆਂ ਵਿੱਚ ਅਬਾਦ ਹੋਵੇਂ

ਤੈਨੂੰ ਇਸ ਦੁਨੀਆਂ ਵਿੱਚ ਹਲਾਲ ਕੀਤਾ
ਤੂੰ ਉਸ ਦੁਨੀਆਂ ਵਿੱਚ ਖ਼ੁਸ਼ਹਾਲ ਹੋਵੇਂ
ਤੈਨੂੰ ਇਸ ਜਹਾਨ ਵਿੱਚ ਸਾਰਿਆਂ ਮਾਰੀ ਠੋਕਰ
ਤੇਰਾ ਉਸ ਜਹਾਨ 'ਚ ਸੋਹਣਾ ਮਕਾਨ ਹੋਵੇ

ਇਸ ਜੱਗ ਨਾ ਮਿਲਿਆ ਇਨਸਾਫ਼ ਤੈਨੂੰ
ਤੇਰਾ ਉਸ ਦੁਨੀਆਂ 'ਚ ਇਨਸਾਫ਼ ਹੋਵੇ
ਤੈਨੂੰ ਇਸ ਥਾਂ ਤੇ ਸਾਰਿਆਂ ਲਤਾੜਿਆ ਸੀ
ਤੂੰ ਉਸ ਜਹਾਨ ਦੀ ਖ਼ੁਦ ਹੀ ਪ੍ਰਧਾਨ ਹੋਵੇਂ

ਤੈਨੂੰ ਇਸ ਜਹਾਨ 'ਚ ਕਦੇ ਕੋਈ ਨਾ
ਜੱਸ ਮਿਲਿਆ
ਤੂੰ ਉਸ ਦੁਨੀਆਂ ਵਿੱਚ ਬਹੁਤ ਮਹਾਨ ਹੋਵੇਂ
ਤੇਰਾ ਹਰਿਆ ਭਰਿਆ ਇੱਕ ਪਰਿਵਾਰ ਹੋਵੇ
ਜਿਸ ਥਾਂ ਦੇ ਨਾਲ ਹੁਣ ਤੇਰਾ ਵਾਸਤਾ ਏ
ਉਸ ਥਾਂ ਤੇ ਚੰਗਾ ਹਰ ਇਨਸਾਨ ਹੋਵੇ
ਤੂੰ ਜੋ ਚਾਹੇਂ ਉਹੀ ਮਿਲੇ ਤੈਨੂੰ
ਤੇਰੀ ਹਰ ਇੱਛਾ ਉਸ ਥਾਂ ਪ੍ਰਵਾਨ ਹੋਵੇ

ਕਦੇ ਕੋਈ ਕਰੇ ਨਾ ਸਵਾਲ ਤੈਨੂੰ
ਹਰ ਕੋਈ ਤੇਰੇ ਤੇ ਕੁਰਬਾਨ ਹੋਵੇ
ਤੈਨੂੰ ਕੋਈ ਵੀ ਮਾੜਾ ਨਾ ਕਹਿ ਸਕੇ
ਸੱਚੇ ਰੱਬ ਦਾ ਸਭ ਨੂੰ ਇਹ
ਫ਼ਰਮਾਨ ਹੋਵੇ
ਜੋ ਤੇਰੀ ਕਰਦੇ ਸੀ ਬੁਰਾਈ ਰਾਤ ਦਿਨ
ਤਨ ਮਨ ਉਹਨਾਂ ਦਾ ਪੂਰਾ
ਮਸਾਣ ਹੋਵੇ

ਪਿਆਰ ਨਾਲ ਕਰੇ ਤੈਨੂੰ ਹਰ ਕੋਈ
ਸਿਜਦਾ
ਤੂੰ ਹਰ ਦਿਲ ਦੀ ਹੁਣ ਮਹਿਮਾਨ ਹੋਵੇਂ
ਆਪਣੇ ਸੀਨੇ ਦੇ ਨਾਲ ਉਸਨੂੰ ਤੂੰ
ਲਾਕੇ ਰੱਖੀਂ
ਰੱਬਾ ਮੇਰਿਆ! ਤੇਰਾ ਮੇਰੇ ਤੇ ਇਹ
ਅਹਿਸਾਨ ਹੋਵੇ।
✪

## ਮਤਲਬ

ਉਹ ਉਸਦੀ ਚੁੱਪ ਵਿੱਚੋਂ ਵੀ
ਅਲਫ਼ਾਜ਼ ਆਪ ਹੀ ਘੜ
ਲੈਂਦਾ ਹੈ

ਤੇ
ਲੋੜ ਪੈਣ ਤੇ
ਕੱਢਦਾ ਹੈ ਮਤਲਬ
ਆਪਣੀ ਲੋੜ ਮੁਤਾਬਿਕ!
✪

## ਸੈਕਸ ਮਸ਼ੀਨ

ਉਹ ਉਸਦੇ ਘਰ ਵਿੱਚ ਪਈ
ਉਸਦੇ ਲਈ
ਸਿਰਫ਼ ਤੇ ਸਿਰਫ਼
ਇੱਕ ਸੈਕਸ ਮਸ਼ੀਨ ਹੈ
ਜਿਸਨੂੰ ਉਹ
ਆਪਣੀ ਲੋੜ ਦੇ ਮੁਤਾਬਿਕ
ਆਨ ਤੇ ਆਫ਼ ਕਰਦਾ ਹੈ
ਕਿਉਂਕਿ
ਮਸ਼ੀਨ ਸਿਰਫ਼ ਵਰਤੀ ਜਾਂਦੀ ਹੈ
ਜ਼ਰੂਰਤ ਦੇ ਮੁਤਾਬਿਕ

ਉੱਦਾਂ ਤਾਂ
ਇੱਕ ਬੇਲੋੜੀ ਚੀਜ਼ ਹੀ
ਹੁੰਦੀ ਹੈ
ਮਸ਼ੀਨ ਸਿਰਫ਼ ਲੋੜਾਂ ਹੀ ਪੂਰੀਆਂ ਕਰਦੀ ਹੈ
ਮਸ਼ੀਨ ਦੀ
ਆਪਣੀ ਤਾਂ ਕੋਈ ਵੀ ਮਰਜ਼ੀ ਨਹੀਂ ਹੁੰਦੀ
ਨਾ ਕੋਈ ਅਸਤਿਤਵ, ਨਾ ਕੋਈ ਭਾਵਨਾ
ਨਾ ਕੋਈ ਜਿਗਿਆਸਾ, ਨਾ ਕੋਈ ਹੋਂਦ

ਮਸ਼ੀਨ ਦੀ ਭਾਸ਼ਾ ਵੀ
ਤਹਿ ਹੁੰਦੀ ਹੈ
ਉਸਦੇ
ਮਾਲਿਕ ਦੀ ਲੋੜ ਮੁਤਾਬਿਕ
ਉੱਦਾਂ ਤਾਂ! ਮਸ਼ੀਨ ਭਾਸ਼ਾ ਰਹਿਤ ਹੀ ਹੁੰਦੀ ਹੈ
ਉਹ ਉਸਦੇ ਘਰ ਦੇ ਵਿੱਚ ਪਈ
ਇੱਕ ਸੈਕਸ ਮਸ਼ੀਨ ਹੈ।
✪

## ਕਾਮੀ

ਮੈਲ਼ੇ ਕੁਚੈਲੇ ਕੱਪੜਿਆਂ
ਵਿੱਚ ਲਿਪਟੀ
ਉਹ ਖੇਤਾਂ ਦੇ ਬੰਨਿਆਂ ਤੋਂ ਸਿਖ਼ਰ ਦੁਪਿਹਰੇ
ਆਪਣੇ ਘਰ ਦੇ ਵਿੱਚ ਰੱਖੇ ਹੋਏ
ਡੰਗਰਾਂ ਦੇ ਲਈ ਘਾਹ ਖ਼ੋਤਦੀ ਹੈ
ਰੰਬੀਆਂ ਦੇ ਨਾਲ

ਖੇਤਾਂ ਦੇ ਵਿੱਚ ਪਾਣੀ ਲਾ ਰਿਹਾ
ਖੇਤਾਂ ਦਾ ਮਾਲਿਕ
ਆਪਣੀਆਂ ਹਵਸ ਭਰੀਆਂ ਨਜ਼ਰਾਂ ਦੇ ਨਾਲ
ਬਾਰ ਬਾਰ
ਉਸਦਾ ਬਲਾਤਕਰ ਕਰ ਰਿਹਾ ਹੈ
ਉਹ
ਆਪਣੇ ਅੱਧਪਾਟੇ ਹੋਏ ਕੱਪੜਿਆਂ ਦੇ ਨਾਲ
ਆਪਣੇ ਨੰਗੇ ਦਿਸਦੇ ਬਦਨ ਨੂੰ
ਵਾਰ ਵਾਰ
ਨੀਵੀਂ ਪਾਈ ਕੱਜਦੇ ਹੋਏ ਸ਼ਰਮ ਦੇ ਨਾਲ
ਪਾਣੀ-ਪਾਣੀ ਹੋ ਰਹੀ ਹੈ

ਉਹ
ਆਪਣਾ ਘਰ ਚਲਾਉਣ ਲਈ ਤੇ ਅਪਣੇ
ਡੰਗਰਾਂ
ਦਾ ਢਿੱਡ ਭਰਨ ਲਈ
ਜ਼ਿੰਮੀਦਾਰ ਦੇ ਖੇਤਾਂ ਦੇ ਵਿੱਚ ਰੋਜ਼ ਪੱਠੇ
ਵੱਢਦੀ ਹੈ
ਇਹ ਉਸਦੀ ਮਜ਼ਬੂਰੀ ਹੈ
ਤਾਂ ਕਿ
ਉਹ ਆਪਣਾ ਘਰ ਚਲਾ ਸਕੇ
ਤੇ ਪਾਲ਼ ਸਕੇ ਆਪਣੇ ਬੱਚਿਆਂ ਨੂੰ ਚੰਗੀ ਤਰ੍ਹਾਂ

ਹੁਣ ਉਹ
ਪਾਟੇ ਹੋਏ ਕੱਪੜਿਆਂ ਦੇ ਨਾਲ
ਆਪਣਾ ਤਨ ਮਨ ਢੱਕਦੀ ਹੈ
ਪਰ ਹੁਣ
ਉਸਦਾ ਬਲਾਤਕਾਰ ਹਰ ਰੋਜ਼ ਹੁੰਦਾ ਹੈ

ਕਦੇ ਹਵਸ ਭਰੀਆਂ ਅੱਖਾਂ ਨਾਲ
ਕਦੇ ਵਹਿਸ਼ਤ ਨਾਲ ਭਰੇ ਸ਼ਬਦਾਂ ਨਾਲ
ਤੇ ਕਦੇ
ਖੇਤਾਂ ਦੇ ਜ਼ਿਮੀਦਾਰ ਦੇ
ਬਿਸਤਰ ਦੀ ਚਾਦਰ ਬਣ।
✪

## ਬੜਬੋਲੀ

ਉਹ ਬੜਬੋਲੀ ਸੂਰਤ
ਮਨ ਦੀ ਸਾਫ਼ ਜਿਹੀ
ਉਹ ਭੋਲੀ ਭਾਲੀ ਜਿਹੀ ਮੂਰਤ
ਦਿਲ ਦੀ ਪਾਕ ਜਿਹੀ
ਮਾਰ ਕੇ ਹਾਕਾਂ ਸਭ ਨੂੰ ਉਹ ਬੁਲਾਉਂਦੀ
ਦਰ ਆਪਣੇ ਤੇ ਸਭ ਨੂੰ ਉਹ ਬਿਠਾਉਂਦੀ
ਵਾਰ ਵਾਰ ਜਦ
ਚਾਹ ਪੀਵਣ, ਖਾਵਣ ਨੂੰ ਉਹ ਕਹਿੰਦੀ
ਜ਼ਾਹਿਲ ਅਣਪੜ੍ਹ ਬੇਵਕੂਫ਼ ਕਹਾਉਂਦੀ

ਉਸਦਾ ਕੋਈ ਰੁਤਬਾ ਨਹੀਂ ਸੀ
ਕਿ
ਉਹ ਦੇ ਸਕਦੀ ਕੁੱਝ ਵੀ ਕਿਸੇ ਨੂੰ
ਆਪਣੀ ਮਰਜ਼ੀ ਦੇ ਨਾਲ
ਜੇ ਕਿਤੇ ਭੁੱਲ ਭੁਲੇਖੇ ਧਰ ਦਿੰਦੀ
ਆਨਾ ਦੋ ਆਨੇ ਕਿਸੇ ਦੇ ਹੱਥ ਤੇ
ਪਤੀ ਤਾਂ ਕੀ
ਉਹ ਆਪਣੇ ਨੂੰਹ ਪੁੱਤ ਧੀਆਂ
ਸਭ ਬੱਚਿਆਂ ਦੇ ਅੱਗੇ
ਗੁਨਾਹਗਾਰ ਬਣ ਜਾਂਦੀ

ਆਪਣੀ ਬੇਗੁਨਾਹੀ ਦਾ ਸਬੂਤ ਦਿੰਦੀ ਦਿੰਦੀ
ਉਹ ਸਾਰਾ ਸਾਰਾ ਦਿਨ ਬੋਲਦੀ ਰਹਿੰਦੀ
ਉਹ ਬੜਬੋਲੀ ਔਰਤ
ਉਹ ਬੜਬੋਲੀ ਔਰਤ।
✪

## ਅਣਪੜ੍ਹ

ਉਹ ਇੱਕ ਅਣਪੜ੍ਹ ਔਰਤ ਹੈ
ਇਨਸਾਨੀਅਤ ਹੀ ਸਿਰਫ਼ ਉਸਦੀ
ਦੌਲਤ ਹੈ
ਉਹ ਘੁਮੰਡੀ ਨਹੀਂ ਹੈ
ਉਹ ਮਗ਼ਰੂਰ ਨਹੀਂ ਹੈ

ਪਰ ਉਸਨੂੰ ਇਹ ਸਭ ਪਤਾ ਹੈ
ਕਿ
ਇਹ ਦੁਨੀਆਂ, ਇਹ ਦੁਨੀਆਂ
ਉਸ ਵਰਗੇ ਨਿਮਾਣਿਆਂ ਕਰਕੇ
ਨਹੀਂ ਚਲਦੀ
ਪਰ ਉਹ ਅਕਸਰ ਕਹਿੰਦੀ ਹੈ
ਗਲੀ ਦੇ ਕੱਖਾਂ ਦੀ ਵੀ ਲੋੜ ਪੈ
ਜਾਂਦੀ ਹੈ
ਕਦੇ ਕਦੇ
ਕਿਉਂਕਿ! ਉਹ ਪੜ੍ਹਿਆਂ ਤੇ ਅਨਪੜ੍ਹਾਂ
ਵਿਚਲਾ ਫ਼ਰਕ ਜਾਣਦੀ ਹੈ।
✪

## ਮਾਂ

ਉਸਨੂੰ ਕੁਝ ਨਹੀਂ ਹੈ ਚਾਹੀਦਾ
ਨਾ ਦੌਲਤ ਦੀ ਉਹ ਭੁੱਖੀ ਹੈ
ਨਾ ਸ਼ੋਹਰਤ ਦੀ ਉਹ ਭੁੱਖੀ ਹੈ
ਪਰ ਆਪਣੀ ਔਲਾਦ ਦੀ ਖ਼ੈਰ ਹਮੇਸ਼ਾ ਉਹ
ਮੰਗਦੀ ਹੈ ਰੱਬ ਤੋਂ
ਤੇ
ਬਦਲੇ ਵਿੱਚ ਬੱਸ ਥੋੜ੍ਹਾ ਜਿਹਾ ਪਿਆਰ
ਕਿਉਂਕਿ ਉਹ ਤਾਂ ਇੱਕ ਮਾਂ ਹੈ
ਤੇ ਉਹ ਹੁਣ ਗੋਰਕੀ ਦੀ 'ਮਾਂ'
ਬਾਰੇ ਸੋਚਣ ਲੱਗ ਜਾਂਦੀ ਹੈ।

✪

# ਵੇਲ

ਉਂਜ ਤਾਂ ਉਸਦੀ ਪਹਿਚਾਣ ਕੋਈ ਨਾ
ਪਰ ਉਹ
ਆਪਣੀਆਂ ਟਹਿਣੀਆਂ ਤੇ ਉੱਤਰੇ ਹੋਏ
ਫੁੱਲਾਂ ਦੀ ਪਹਿਚਾਣ ਨੂੰ ਹੁਣ
ਆਪਣੀ ਹੀ ਪਹਿਚਾਣ ਦੱਸਦੀ ਹੈ

ਪਰ ਉਸਦੀ
ਉਹ
ਪਹਿਚਾਣ
ਜਿਸਤੋਂ ਉਹ ਹੋਣਾ ਚਾਹੁੰਦੀ ਹੈ ਮੁਨਕਰ
ਉਸਦੇ ਫੁੱਲਾਂ ਦੀ ਖੁਸ਼ਬੂ ਉਸਨੂੰ ਉਸਦੇ
ਨਾਲ
ਹੈ ਬੰਨ੍ਹ ਕੇ ਰੱਖਦੀ

ਉਸਦੀ ਆਪਣੀ ਉਹ ਪਹਿਚਾਣ
ਜਿਸਤੋਂ ਉਹ ਹੋਣਾ ਚਾਹੁੰਦੀ ਹੈ ਮੁਨਕਰ
ਮਨਫ਼ੀ ਕਰ ਦੇਣਾ ਚਾਹੁੰਦੀ ਹੈ ਖ਼ੁਦ ਨੂੰ
ਆਪਣੀ ਉਹ ਪਹਿਚਾਣ
ਹੀ
ਉਸਨੂੰ ਹੁਣ ਚੰਗੀ ਲੱਗਦੀ ਹੈ
ਆਪਣਿਆਂ ਫੁੱਲਾਂ ਦੇ ਸਦਕੇ

ਹੁਣ
ਉਹ ਆਪਣੀ ਇਸੇ ਪਹਿਚਾਣ ਨੂੰ ਬਣਾਈ
ਰੱਖੇਗੀ
ਕਿਉਂਕਿ
ਇਹ ਉਸਦੀਆਂ ਟਹਿਣੀਆਂ ਤੇ ਉੱਤਰੇ ਹੋਏ
ਫੁੱਲਾਂ ਦੀ ਵੀ ਪਹਿਚਾਣ ਹੈ
ਜਿਨ੍ਹਾਂ ਦੀ ਖ਼ੁਸ਼ਬੂ
ਉਸਦੇ ਅੰਗਾਂ ਦੇ ਵਿੱਚ ਵੀ ਸਮਾਈ ਹੋਈ ਹੈ
ਤੇ
ਨਸ਼ਾ ਬਣ ਕੇ ਵਹਿ ਰਹੀ ਹੈ ਉਸਦੇ
ਜਿਸਮ ਤੇ ਲਹੂ ਦੇ ਵਿੱਚ
ਉਸਨੂੰ ਇਹ ਲੋਰ ਰਾਤ ਤੇ ਦਿਨ ਮਦਹੋਸ਼ ਕਰੀ
ਰੱਖਦੀ ਹੈ।
✪

# ਸੀਤਾ ਲਾਚਾਰ ਨਹੀਂ ਹੈ

ਹੁਣ ਸੀਤਾ ਲਾਚਾਰ ਨਹੀਂ ਹੈ ਜੋ
ਰਾਮ ਦੇ ਹੁਕਮ ਤੇ ਦੇ ਦੇਵੇ
ਅਗਨੀ ਪ੍ਰੀਖਿਆ
ਅਲੱਗ ਅਗਰ ਸੀਤਾ ਰਹੀ ਸੀ
ਦੂਰ ਉਹ ਵੀ ਰਿਹਾ ਸੀ ਉਸਤੋਂ
ਫਿਰ ਕਿਉਂ ਸੀਤਾ ਨੂੰ ਹੀ ਅਗਨੀ ਵਿੱਚ
ਬਿਠਾਇਆ
ਫਿਰ ਕਿਉਂ ਉਸਨੂੰ ਹੀ ਦੋਸ਼ੀ
ਠਹਿਰਾਇਆ

ਅੱਜ ਦੀ ਸੀਤਾ ਨਹੀਂ ਡਰੇਗੀ
ਕਿਸੇ ਰਾਮ ਦੇ ਕਹਿਣ ਤੇ
ਹੁਣ ਅਗਨੀ 'ਚ ਨਾ ਪੈਰ ਆਪਣੇ
ਧਰੇਗੀ
ਹੁਣ
ਉਹ ਵੀ ਲਵੇਗੀ ਅਗਨੀ ਪ੍ਰੀਖਿਆ
ਉਹ ਆਪਣੇ ਹੱਕਾਂ ਲਈ ਲੜੇਗੀ
ਉਹ ਕਿਸੇ ਵੀ ਤਰ੍ਹਾਂ ਘੱਟ
ਨਹੀਂ ਹੈ
ਉਹ ਕੋਈ ਵੀ ਸਜ਼ਾ ਇਕੱਲੀ ਨਹੀਂ
ਸਹੇਗੀ

ਉਹ ਸਦੀਆਂ ਤੋ ਪਾਏ ਫ਼ਾਸਲੇ ਮਿਟਾਵੇਗੀ
ਉਹ ਮਾਈ ਭਾਗੋ ਦੀ ਪਰਛਾਈ ਹੈ
ਉਹ ਪੀਰੋ ਦੀ ਪਰੇਮਣ ਹੈ
ਉਹ ਸ਼ੈਰਨੀ ਬਣ ਦਿਖਾਵੇਗੀ
ਉਹ ਹੁਣ
ਕਿਸੇ ਵੀ ਰਾਮ ਦੇ ਕਹਿਣ ਤੇ
ਕਦੇ ਵੀ ਨਾ ਦੇਵੇਗੀ
ਅਗਨੀਪ੍ਰੀਖਿਆ
ਹੁਣ ਉਹ ਉਨ੍ਹਾਂ ਤੋਂ ਆਪ ਲਵੇਗੀ
ਅਗਨੀਪ੍ਰੀਖਿਆ।
✪

## ਵੱਖਰੇਵਾਂ

ਤੇਰੇ ਬਣਾਏ ਅਸੂਲ
ਕਿਉਂ ਤੇਰੇ ਲਈ ਵੱਖਰੇ
ਤੇ ਉਸਦੇ ਲਈ ਵੱਖਰੇ ਨੇ
ਕਿਉਂ
ਐਨਾ ਚਲਾਕ ਹੈਂ ਤੂੰ!
ਕਿੰਨੀ ਸਫ਼ਾਈ ਦੇ ਨਾਲ
ਉਸਦੀ ਸੱਚੀ ਗੱਲ ਨੂੰ ਵੀ
ਤੂੰ ਦਿਨ ਦੀਵੀ ਝੂਠ ਬਣਾ ਦਿੰਦਾ ਹੈਂ

ਸ਼ਾਇਦ
ਤੂੰ ਬਹੁਤ ਹੀ ਕਾਬਿਲ ਹੈਂ
ਤੇ
ਉਹ ਹੈ ਇੱਕ ਆਮ ਜਿਹੀ ਔਰਤ
ਜੋ ਤੇਰੀਆਂ ਮਿੱਠੀਆਂ
ਚੀਕਨੀਆਂ ਚੋਪੜੀਆਂ
ਗੱਲਾਂ ਵਿੱਚ ਫ਼ਸ ਜਾਂਦੀ ਹੈ ਵਾਰ ਵਾਰ
ਕਿਉਂਕਿ
ਤੂੰ ਗੱਲਾਂ ਦੇ ਚੱਕਰਵਿਊ ਦੇ ਵਿੱਚ
ਫ਼ਸਾਉਣ ਵਿੱਚ
ਬਹੁਤ ਮਾਹਿਰ ਹੈਂ
ਤੇ
ਉਸਨੂੰ ਉਸਦੀ ਹੀ ਦੁਬਿਧਾ ਦੇ
ਜਾਲ ਵਿੱਚ
ਫਸਾਈ ਰੱਖਦਾ ਹੈਂ

ਉਹ ਆਪਣੀਆਂ
ਦੁਬਿਧਾਵਾਂ ਦੇ ਕਾਲਚੱਕਰ ਵਿੱਚ ਹੀ

ਅਜੇ ਤੱਕ ਘੁੰਮ ਰਹੀ ਹੈ
ਇਹ ਕਾਲਚੱਕਰ
ਸਦੀਆਂ ਤੋਂ
ਇਸੇ ਤਰ੍ਹਾਂ ਹੀ ਚਲਦਾ ਆ ਰਿਹਾ ਹੈ
ਬਾਂਸ ਵਿੱਚ ਲੱਗੇ ਘੁਣ ਵਾਂਗ
ਔਰਤ ਦੀਆਂ ਸੱਧਰਾਂ ਨੂੰ ਖਾ ਰਿਹਾ ਹੈ
ਤੇ ਉਹ
ਬੇਬੱਸੀ ਦੀ ਚੱਕੀ ਵਿੱਚ
ਆਟੇ ਵਾਂਗ
ਸਦੀਆਂ ਤੋਂ ਇਸੇ ਤਰ੍ਹਾਂ ਹੀ
ਪਿਸ ਰਹੀ ਹੈ

ਵਕਤ ਵੀ ਸਦੀਆਂ ਤੋਂ ਉਸਦੀ ਬੇਬੱਸੀ
ਦਾ ਭਾਰ
ਆਪਣੇ ਮੋਢਿਆਂ ਤੇ ਚੁੱਕੀ
ਘੁੰਮ ਰਿਹਾ ਹੈ
ਯਕੀਨਨ
ਵਕਤ ਵੀ ਤੇਰੇ ਬਣਾਏ ਅਸੂਲਾਂ ਤੋਂ
ਡਰ ਗਿਆ ਹੈ
ਸਦੀਆਂ ਤੋਂ ਇੱਕ ਹੀ ਥਾਂ ਤੇ
ਖੜ੍ਹ ਗਿਆ ਹੈ
ਵਕਤ ਨੂੰ ਪਤਾ ਹੈ
ਕਿ
ਤੇਰੇ ਬਣਾਏ ਅਸੂਲ ਤੇਰੇ ਲਈ ਵੱਖ
ਤੇ ਉਸਦੇ ਲਈ ਵੱਖ ਨੇ
ਵਕਤ ਵੀ
ਤੇਰੇ ਤੋਂ ਡਰਦਾ ਹੈ
ਕਿ ਕਿਤੇ
ਤੇਰੇ ਬਣਾਏ ਹੋਏ ਇਹ ਅਸੂਲ
ਉਸਨੂੰ ਵੀ ਪੜ੍ਹਨ ਨਾ ਪਾ ਦੇਵਣ।
✪

## ਚਿੜੀਆਂ

ਕੱਲ੍ਹ ਤੂੰ ਉੱਥੇ ਅੱਜ ਤੂੰ ਇੱਥੇ
ਚਾਰ ਦਿਨਾਂ ਦੀ ਮਹਿਮਾਨ ਹੈਂ ਇੱਥੇ
ਅੱਜ ਤੂੰ ਇੱਥੇ ਨੱਚਦੀ ਫਿਰਦੀ
ਕੱਲ੍ਹ ਨੂੰ ਖ਼ੌਰੇ ਕਿੱਥੇ ਹੋਣਾ
ਸਾਡੇ ਘਰ ਦੀ ਰਾਜਕੁਮਾਰੀ ਪਤਾ ਨਹੀਂ
ਤੇਰਾ ਘਰ ਕਿੰਨਾ ਸੋਹਣਾ ਹੋਣਾ!

ਚਿੜੀਆਂ ਤਾਂ ਇੱਕ ਦਿਨ ਉੱਡਣਾ ਹੀ ਹੈ
ਇਹ ਦਰ ਇੱਕ ਦਿਨ ਛੁੱਟਣਾ ਹੀ ਹੈ
ਕੱਲ੍ਹ ਨੂੰ ਤੇਰਾ, ਹੋਰ ਟਿਕਾਣਾ ਹੋਵੇਗਾ
ਸਭ ਤੋਂ ਸੋਹਣਾ ਤੇਰਾ ਵੀ ਇੱਕ ਘਰ ਹੋਵੇਗਾ
ਜਿੱਥੇ ਜੋ ਦਿੱਲ ਚਾਹੇ ਤੂੰ ਕਰੇਂਗੀ
ਤਿੱਤਲੀ ਵਾਗੂੰ ਉੱਡਦੀ ਫਿਰੇਂਗੀ
ਉਸ ਦਰ ਨਾ ਤੈਨੂੰ ਕੋਈ ਟੋਕ ਸਕੇਗਾ
ਨਾ ਕੁੱਝ ਕਰਨ ਤੋਂ ਰੋਕ ਸਕੇਗਾ

ਇਹ ਸਭ ਸੁਣ, ਉਹ ਬਹੁਤ ਖੁਸ਼ ਹੋਈ
ਹੱਸਦੀ ਨੱਚਦੀ ਫੁੱਲੀ ਨਾ ਸਮਾਈ
ਪਿਤਾ ਦੀ ਅਸੀਸ 'ਚ
ਛੁਪੀ ਜਿਹੀ ਇੱਕ ਆਸ ਲੈ
ਦਿੱਲ 'ਚ ਇੱਕ ਧਰਵਾਸ ਲੈ
ਅਣਕਿਹਾ ਅਹਿਸਾਸ ਲੈ
ਉਸ ਸੋਚਿਆ
ਇਹ ਥਾਂ ਤਾਂ ਹੁਣ ਮੇਰਾ ਹੈ
ਆਪਣੀ ਜ਼ੰਨਤ ਵਿੱਚ ਹੁਣ ਮੈਂ ਰਹਾਂ
ਜੋ ਚਾਹੇ ਮਰਜ਼ੀ ਮੈਂ ਕਰਾਂ
ਕੋਈ ਨਹੀਂ ਹੈ ਜੋ ਰੋਕੇ ਮੈਨੂੰ
ਕੋਈ ਨਹੀਂ ਹੈ ਜੋ ਟੋਕੇ ਮੈਨੂੰ
ਸੁਫ਼ਨਿਆਂ ਦਾ ਮਹਿਲ ਉਸਾਰਾਂਗੀ

ਜ਼ਿੰਦਗੀ ਆਪਣੀ ਸਵਾਰਾਂਗੀ
ਘਰ ਹੀ ਜ਼ੰਨਤ ਬਣਾਵਾਂਗੀ

ਪਰ ਕਿਸੇ ਨੇ ਪਿੱਛਿਉਂ ਦੀ ਹੀ
ਜਦ ਉਸ ਨੂੰ ਹੱਥ ਪਾਇਆ
ਸੁਫ਼ਨਿਆਂ ਵਿੱਚੋਂ ਹੀ ਆਣ ਜਗਾਇਆ
ਮੁਜਰਿਮ ਫਿਰ ਉਸ ਨੂੰ ਬਣਾਇਆ
ਇੱਕ ਫ਼ੈਸਲਾ ਗਿਆ ਸੁਣਾਇਆ
ਇਹ ਥਾਂ ਵੀ ਤੇਰਾ ਨਹੀਂ ਹੈ
ਤੂੰ ਇਸ ਥਾਂ ਦੀ ਵੀ
ਕੁਝ ਨਹੀਂ ਹੈਂ ਲੱਗਦੀ
ਐਵੇਂ ਕਿਊਂ ਹੈਂ
ਤੂੰ ਭੱਜੀ ਫਿਰਦੀ

ਜਦ ਬਾਪ ਦੇ ਘਰ ਵੀ ਤੇਰੀ ਕੋਈ ਥਾਂ
ਨਾ ਹੋਵੇ
ਪਰਾਏ ਦਰ ਵੀ ਤੂੰ ਕਿਵੇਂ ਖਲੋਵੇਂ
ਤਦ ਉਸਨੂੰ ਇੱਕ ਅਹਿਸਾਸ ਜਿਹਾ
ਹੋਇਆ
ਜਿਸਨੇ ਉਸਦੀ ਰੂਹ ਨੂੰ ਟੋਹਿਆ
ਅਧਮੋਈ ਹੋਈ ਉਹ ਬੈਠੀ
ਰੋਵੇ ਚੀਕੇ ਤੇ ਕੁਰਲਾਵੇ
ਦਿਲ ਕਰੇ ਉਸ ਨੂੰ ਉਹ ਲੱਭ ਲਿਆਵੇ
ਜਿਸਨੇ ਹੈ ਇਹ ਗੀਤ ਬਣਾਈ
ਬੇਟੀ ਧਨ ਪਰਾਇਆ ਭਾਈ
ਦਿਲ ਨੂੰ ਇੱਕ ਧਰਵਾਸ ਦੇ
ਖ਼ੁਦ ਨੂੰ ਪਈ ਹੈ ਰੋਕਦੀ
ਅਧਮੋਈ ਜਿਹੀ ਪਈ
ਫਿਰ ਖੜ੍ਹੀ ਹੈ ਸੋਚਦੀ
ਉਹ ਕਿਊਂ ਖ਼ੂਨ ਦੇ ਘੁੱਟ ਹੈ ਪੀ ਰਹੀ
ਕਿਉਂ ਝੂਠ ਇੱਕ ਹੈ ਜੀ ਰਹੀ

ਕਿਉਂਕਿ
ਜਨਮ ਤੋਂ ਲੈਕੇ ਮਰਨ ਤੱਕ ਝੂਠ ਦਾ

ਇੱਕ ਭਰਮ
ਖੜ੍ਹਾ ਕਰ ਦਿੱਤਾ ਜਾਂਦਾ ਹੈ ਉਸਦੇ
ਇਰਦ ਗਿਰਦ
ਤੇ ਉਹ ਇਸ ਭਰਮ ਵਿੱਚ ਦੱਬੀ ਹੋਈ
ਕੀ
ਇਹ ਥਾਂ ਮੇਰਾ ਹੈ ਜਾਂ ਉਹ ਥਾਂ ਮੇਰਾ ਹੈ
ਸਦੀਆਂ ਤੋਂ ਆਪਣਾ ਥਾਂ ਲੱਭਦੀ ਲੱਭਦੀ
ਅੱਜ ਤੱਕ ਹੈ ਧੋਖਾ ਖਾ ਰਹੀ
ਪਰ ਨਹੀਂ ਕਿਸੇ ਤੋਂ ਕੁਝ ਵੀ ਪੁੱਛ ਰਹੀ
ਕਿਉਂਕਿ ਚਿੜੀਆਂ ਤਾਂ ਇੱਕ ਦਿਨ
ਉਡੱਣਾ ਹੀ ਹੈ।
✪

## ਆਧੁਨਿਕਤਾ ਦਾ ਪਰਦਾ

ਉਹ ਜਿੱਥੇ ਸੀ
ਹੁਣ ਵੀ ਉੱਥੇ ਹੀ ਹੈ
ਸਿਰਫ਼ ਦੇਖਣ ਪਾਖਣ ਸੋਚਣ ਤੇ
ਸਮਝਣ ਦਾ
ਥੋੜ੍ਹਾ ਜਿਹਾ ਨਜ਼ਰੀਆ
ਬਦਲਿਆ ਲੱਗਦਾ ਹੈ

ਭੀੜ ਵਿੱਚ ਸ਼ਾਮਿਲ ਲੋਕਾਂ 'ਚ
ਉਪਰੋਂ ਉਪਰੋਂ ਹੀ ਬਦਲਾਅ
ਨਜ਼ਰ ਆਉਂਦਾ ਹੈ
ਅਸਲ ਵਿੱਚ ਗੱਲ ਤਾਂ ਹੁਣ ਵੀ ਉਹੋ
ਹੀ ਹੈ
ਉਹ ਜਿੱਥੇ ਪਹਿਲਾਂ ਸੀ
ਹੁਣ ਵੀ ਉੱਥੇ ਹੀ ਹੈ
ਪਹਿਲਾਂ ਉਸਨੂੰ ਸਿੱਧਾ ਹੀ ਦਬਾਇਆ
ਜਾਂਦਾ ਸੀ
ਰਸਮਾਂ ਰਿਵਾਜ਼ਾਂ ਦੇ ਨਾਂ ਤੇ
ਫਿਰ ਦਫ਼ਨ ਕਰ ਦਿੱਤੇ ਜਾਂਦੇ ਸਨ
ਉਸਦੇ ਸੁਫ਼ਨੇ, ਖਾਹਿਸ਼ਾਂ ਤੇ ਅਹਿਸਾਸ
ਦੂਰ ਕਿਤੇ ਹਨੇਰੀਆਂ ਗੁਫਾਵਾਂ ਵਿੱਚ
ਸਿਸਕਦੇ ਰਹਿੰਦੇ ਸਨ
ਉਸਦੇ ਚਾਅ ਮਲ੍ਹਾਰ
ਪਰ! ਹੁਣ ਉਸਨੂੰ
ਦਬਾਇਆ ਜਾਂਦਾ ਹੈ
ਆਧੁਨਿਕਤਾ ਦੇ ਬੈਨਰ ਦੇ ਥੱਲੇ

ਵਿਖਾ ਕੇ ਹੁਸੀਨ ਸ਼ਬਜ ਬਾਗ
ਤੇ
ਉਸਦੇ ਦੁਨੀਆਂ ਵਿੱਚ ਸਭ ਤੋਂ ਖ਼ੂਬਸੂਰਤ
ਹੋਵਣ ਦਾ
ਸੁਟਕੇ ਭਰਮ ਜਾਲ
ਤਾਂ ਕਿ ਉਹ ਆਪਣੇ ਹੋ ਰਹੇ ਸ਼ੋਸ਼ਣ ਦੇ
ਅਹਿਸਾਸ ਨੂੰ
ਮਹਿਸੂਸ ਨਾ ਕਰ ਸਕੇ
ਤੇ ਖ਼ੁਦ ਹੀ ਆਧੁਨਿਕਤਾ ਦੇ ਭਰਮ ਥੱਲੇ
ਦੱਬੀ ਰਹੇ
ਤੇ ਉਹ ਮਦਾਰੀ ਬਣ
ਅਪਣੀ ਡੁਗਡੁਗੀ ਤੇ
ਉਸਨੂੰ ਨਚਾਉਂਦਾ ਰਹੇ, ਜਿਵੇਂ ਵੀ ਚਾਹੇ
ਪਰ
ਉਹ ਭੁੱਲ ਚੁੱਕੀ ਹੈ ਕਿ
ਉਹ ਤਾਂ ਜਿੱਥੇ ਪਹਿਲਾਂ ਸੀ
ਅੱਜ ਵੀ ਉੱਥੇ ਹੀ ਖੜ੍ਹੀ ਹੈ
ਸਿਰਫ਼ ਉਪਰਾ ਉਪਰਾ ਹੀ ਬਦਲਾਅ ਨਜ਼ਰ
ਆਉਂਦਾ ਹੈ
ਪਰ ਉਹ ਹਰ ਰੋਜ਼, ਹਰ ਪਲ਼ ਦੱਬ ਰਹੀ ਹੈ
ਆਧੁਨਿਕਤਾ ਦੇ ਮਲਬੇ ਥੱਲੇ।
✪

## ਛਟਪਟਾਹਟ

ਉਹ ਵਾਰ ਵਾਰ ਇੱਕੋ ਹੀ ਰਾਗ
ਅਲਾਪਦਾ ਰਹਿੰਦਾ ਹੈ
ਉਸਦੇ ਸ਼ਬਦ-ਸੰਸਾਰ ਤੇ
ਜਦੋਂ ਉਹ ਚੀਕਦੀ ਤੇ ਚਿਲਾਂਉਂਦੀ ਹੈ

ਪਰ! ਕਿਉਂ ਭੁੱਲ ਜਾਂਦਾ ਹੈ
ਉਸਨੂੰ ਚੀਕਣ ਤੇ ਚਿਲਾਉਣ ਨੂੰ
ਮਜ਼ਬੂਰ ਵੀ ਤਾਂ ਉਹ ਹੀ ਕਰਦਾ ਹੈ

ਫਿਰ ਕਿਉਂ
ਉਸਦੀ ਆਵਾਜ਼ ਤੇ
ਉਹ ਐਨਾ ਤਿਲਮਿਲਾਉਂਦਾ ਹੈ।
✪

# ਗਿਰੇਬਾਨ

ਉਹ ਚਾਹੁੰਦਾ ਹੈ ਉਸਦੀ ਸੋਚ ਨੂੰ
ਕਤਲ ਕਰਨਾ
ਉਸਦੀਆਂ ਕਵਿਤਾਵਾਂ ਤੇ ਕਹਾਣੀਆਂ ਦੇ
ਚੀਥੜੇ-ਚੀਥੜੇ ਕਰਕੇ ਹਵਾ ਵਿੱਚ
ਬਖ਼ੇਰਨਾ
ਉਹ ਚਾਹੁੰਦਾ ਹੈ ਕਿ ਉਸਦੀਆਂ
ਲਾਟ ਵਰਗੀਆਂ
ਬੇਬਾਕ ਕਹਾਣੀਆਂ
ਦੂਰ ਕਿਤੇ ਦੱਬ ਕੇ ਰਹਿ ਜਾਵਣ
ਹਨੇਰੀਆਂ
ਗੁਫਾਵਾਂ ਵਿੱਚ

ਕਿਉਂਕਿ
ਉਹ ਡਰਦਾ ਹੈ ਕਿ ਕਿਤੇ
ਉਸਦੇ ਝੂਠ ਨਾ ਹੋ ਜਾਵਣ ਬੇਨਕਾਬ
ਤੇ ਉਹ ਕਿਤੇ
ਉਸਦੇ ਝੂਠ ਦੇ ਕੱਪੜੇ ਪਾੜਕੇ ਕਰ ਨਾ ਦਏ
ਉਸਨੂੰ ਨੰਗਾ
ਤੇ
ਆਪਣਾ ਸੱਚ ਦੁਨੀਆਂ ਨੂੰ ਨਾ
ਦੱਸ ਸਕੇ

ਉਹ ਡਰਦਾ ਹੈ
ਉਹ ਡਰਦਾ ਹੈ ਕਿ ਕਿਤੇ
ਆਪਣੀਆਂ ਕਵਿਤਾਵਾਂ ਤੇ ਕਹਾਣੀਆਂ ਦੇ
ਸ਼ੀਸ਼ੇ ਵਿੱਚੋਂ
ਉਹ ਉਸਦਾ ਚਿਹਰਾ ਨਾ ਦਿਖਾ ਦੇਵੇ
ਇਸੇ ਲਈ ਤਾਂ ਹੁਣ
ਉਹ ਦੋਹਰੇ ਮਾਪਦੰਡ ਅਪਣਾ ਰਿਹਾ ਹੈ
ਹਰ ਵਾਰ ਉਸਦੀ ਸੋਚ ਨੂੰ ਕਤਲ ਕਰਨ ਲਈ
ਵੱਖਰੇ ਢੰਗ ਅਪਣਾ ਹੈ
ਤਾਂ ਕਿ ਕਿਤੇ ਉਹ
ਉਸਦਾ ਗਿਰੇਬਾਨ ਨਾ ਫੜ ਬੇਠੈ।
✪

## ਔਰਤ

ਕਾਲ਼ੀ ਭੂਰੀ ਗੋਰੀ ਔਰਤ
ਇੱਕੋ ਤੇਰੀ ਹਾਲਤ ਔਰਤ
ਬੇਸ਼ੱਕ ਚੰਦ ਤੂੰ ਛੂਹ ਚੁੱਕੀ ਹੈਂ
ਫਿਰ ਵੀ ਮਾੜੀ, ਤੇਰੀ ਹਾਲਤ ਔਰਤ

ਚੱਕੀ ਵਾਂਗਰ ਬੇਸ਼ੱਕ ਤੂੰ ਹੈਂ ਪਿੱਸਦੀ
ਫਿਰ ਵੀ ਤੂੰ ਵਿਚਾਰੀ ਔਰਤ
ਚਾਹੇ ਪੂਰਬ ਚਾਹੇ ਪੱਛਮ
ਤੇਰੀ ਨੀਵੀਂ ਥਾਂ ਹੈ ਔਰਤ

ਚਾਹੇ ਤੂੰ ਸਰਕਾਰ ਚਲਾਵੇਂ
ਫਿਰ ਵੀ ਮੂਰਖ਼ ਹੀ ਕਹਿਲਾਵੇਂ
ਘਰ ਬੈਠੀ ਨੂੰ ਜੇ ਨਹੀਂ ਹੈ ਕੋਈ ਪੁੱਛਦਾ
ਕੰਮ ਕਰਦੀ ਵੀ ਤੂੰ ਹੈਂ ਮਾੜੀ ਔਰਤ

ਤੂੰ ਮਮਤਾ ਦੀ ਮੂਰਤ ਔਰਤ
ਜਦ ਤੱਕ ਤੇਰੀ ਜ਼ਰੂਰਤ ਔਰਤ
ਕੁੱਝ ਪਾਣੀ ਤੇਰਾ ਤਦ ਤੱਕ ਭਰਦੇ ਨੇ
ਜਦ ਤੱਕ ਤੇਰੀ ਹੈ ਸੋਹਣੀ ਸੂਰਤ ਔਰਤ
ਕਾਲ਼ੀ ਭੂਰੀ ਗੋਰੀ ਔਰਤ
ਇੱਕੋ ਤੇਰੀ ਹੈ ਹਾਲਤ ਔਰਤ।

✪

## ਠੇਕੇਦਾਰ

ਸਮਾਜ ਦੇ ਇਹ ਠੇਕੇਦਾਰ
ਜੋ ਪ੍ਰਧਾਨ ਬਣੇ ਫਿਰਦੇ ਨੇ
ਸਰਮਾਏਦਾਰ ਬਣੇ ਫਿਰਦੇ ਨੇ
ਕਿਉਂ ਇਹਨਾਂ ਦੀਆਂ ਅੱਖਾਂ ਵਿੱਚ
ਸ਼ਰਮ ਹਯਾ ਨਹੀਂ ਹੈ?
ਕੋਈ ਡਰ ਭੈਅ ਨਹੀ ਹੈ?

ਨਫ਼ਰਤ ਦੇ ਇਹ ਸੌਦਾਗਰ
ਅਪਣੀ ਸਰਮਾਏਦਾਰੀ ਕਾਇਮ
ਰੱਖਣ ਲਈ
ਕਿਉਂ ਨਹੀਂ ਨਫ਼ਰਤ ਨੂੰ ਮਿਟਾਉਂਦੇ?
ਕਿਉਂ ਵਿਤਕਰਾ ਔਰਤ ਤੇ ਮਰਦ ਵਿੱਚ
ਵਧਾਉਂਦੇ ਪਏ ਨੇ

ਔਰਤ ਹਰ ਰੁਤਬੇ ਵਿੱਚ ਬੌਣੀ
ਔਰਤ ਦਾ ਸਤਿਕਾਰ ਕੋਈ ਨਾ
ਔਰਤ ਦਾ ਕੋਈ ਮਿਆਰ ਕੋਈ ਨਾ
ਕਿਉਂ ਹਰ ਥਾਂ ਤੇ ਹਰ ਰੁਤਬੇ ਵਿੱਚ
ਔਰਤ ਨੂੰ ਛੋਟਾ ਦਰਸਾਉਂਦੇ ਪਏ ਨੇ?
ਲਾਕੇ ਜਿੰਦਰੇ
ਰਸਮਾਂ ਰਿਵਾਜਾਂ ਤੇ ਸੰਸਕਾਰਾਂ ਦੇ
ਕਿਉਂ ਔਰਤ ਨੂੰ
ਜਿਉਂਦੀ ਲਾਸ਼ ਇੱਕ ਬਣਾਉਂਦੇ ਪਏ ਨੇ
ਕਦੀ ਧਰਮਾਂ ਦੇ ਨਾਂ ਤੇ
ਕਦੀ ਕਰਮਾਂ ਦੇ ਨਾਂ ਤੇ
ਕਦੀ ਵਹਿਮਾਂ ਭਰਮਾਂ ਦੇ ਨਾਂ ਤੇ
ਕਿਉਂ ਔਰਤ ਨੂੰ ਡਰਾਉਂਦੇ ਪਏ ਨੇ

ਕਾਇਮ ਰੱਖਣ ਨੂੰ
ਅਪਣੀ ਸਰਦਾਰੀ
ਕਿਉਂ ਔਰਤ ਨੂੰ, ਕਿਉਂ ਔਰਤ ਨੂੰ
ਹਥਿਆਰ ਆਪਣਾ ਬਣਾਉਂਦੇ ਪਏ ਨੇ
ਰੋਜ਼ ਰੋਜ਼ ਨਵੇਂ ਨਵੇਂ ਅਡੰਬਰ ਰਚਾ
ਆਧੁਨਿਕਤਾ ਦੇ ਨਾਮ ਤੇ
ਕਿਉਂ ਮੰਡੀਆਂ ਥਾਂ ਥਾਂ ਤੇ ਚਲਾਉਂਦੇ
ਪਏ ਨੇ ?
ਫੈਸ਼ਨ ਸ਼ੋਆਂ ਦੇ ਨਾਵਾਂ ਤੇ
ਕਿਉਂ ਔਰਤ ਨੂੰ ਨੰਗੀ ਦਿਖਾਉਂਦੇ
ਪਏ ਨੇ
ਉੱਚੇ-ਉੱਚੇ ਸੁਫ਼ਨੇ ਦਿਖਾ
ਕਿਉਂ ਔਰਤ ਨੂੰ ਵਰਗਲਾਉਂਦੇ ਪਏ ਨੇ
ਵਿਸ਼ਵੀਕਰਨ ਦੀ ਇਸ ਮੰਡੀ ਵਿੱਚ
ਔਰਤ ਨੂੰ ਹੀ ਕਿਉਂ ਇੱਕ ਵਸਤੂ
ਬਣਾਉਂਦੇ ਪਏ ਨੇ ?
ਔਰਤ ਨੂੰ ਔਰਤ ਤੋਂ ਹੀ ਜ਼ਲੀਲ
ਕਰਵਾਉਂਦੇ ਪਏ ਨੇ
ਕਿਉਂ ਉਸ ਨੂੰ ਸੱਚਾ ਸਨਮਾਨ
ਦੇਵਣ ਤੋਂ ਘਬਰਾਉਂਦੇ ਪਏ ਨੇ।
✪

## ਕੰਕਰ

ਦਿਲ ਦੇ ਕੋਮਲ ਮਹਿਲ ਨੂੰ
ਦਿਲ ਦੇ ਮਹਿਰਮ ਨੇ

ਸ਼ਬਦਾਂ ਦੀ ਸੱਟ ਮਾਰ ਹਥੌੜੇ
ਦੇ ਨਾਲ
ਅਜਿਹਾ ਕੁੱਝ
ਕਹਿਕੇ
ਇਸ ਤਰ੍ਹਾਂ ਕੁੱਝ
ਤੋੜਿਆ

ਕਿ ਉਹ
ਪ੍ਰਤਿਮਾ ਵਾਂਗ
ਕੰਕਰ ਕੰਕਰ ਹੋ ਕੇ ਫਰਸ਼ ਤੇ
ਖਿੰਡ ਗਈ
✪

## ਸੂਰਪਨਖ਼ਾ

ਸਭ ਕਹਿੰਦੇ ਨੇ
ਸੂਰਪਨਖ਼ਾ ਨੇ ਲਛਮਣ ਨੂੰ ਸੀ
ਆਪਣੇ ਦਿਲ ਦਾ ਜਾਕੇ ਹਾਲ ਸੁਣਾਇਆ
ਦਿਲ ਦੇ ਹੱਥੋਂ ਮਜ਼ਬੂਰ ਹੋਈ ਨੇ
ਆਪਣੇ ਪਿਆਰ ਦਾ ਵਾਸਤਾ ਪਾਇਆ

ਇਹ ਸਭ ਸੁਣ
ਲਛਮਣ ਨੂੰ ਸੀ ਗੁੱਸਾ ਚੜ੍ਹਿਆ
ਗੁੱਸਾ ਉਸਨੇ, ਇਸ ਤਰ੍ਹਾਂ ਜਾ ਕੱਢਿਆ
ਸੂਰਪਨਖ਼ਾ ਦਾ ਨੱਕ ਜਾ ਵੱਢਿਆ
ਪਰ ਹੈ ਕੋਈ ਜੋ ਇਹ ਸਭ ਦੱਸ ਸਕਦਾ ਹੋਵੇ
ਇਹ ਸੀ ਉਸਦੀ ਇਨਸਾਨੀਅਤ
ਜਾਂ ਸੀ ਉਸਦੀ ਹੈਵਾਨੀਅਤ

ਉਸਨੇ ਕਹਿ ਦਿੱਤਾ ਸੀ ਉਸਨੂੰ
ਕਿ ਮੈਂ ਤੈਨੂੰ ਹਾਂ ਪਿਆਰ ਕਰਦੀ
ਤੂੰ ਮੈਨੂੰ ਹੈਂ ਚੰਗਾ ਲੱਗਦਾ
ਹੱਸਕੇ ਵੀ ਉਹ ਟਾਲ ਸੀ ਸਕਦਾ
ਪਰ ਗੁੱਸੇ ਵਿੱਚ ਕਿਸੇ ਦਾ ਨੱਕ ਤਾਂ ਨਾ
ਵੱਢਦਾ
ਮਰਿਆਦਾ ਪੁਰਸ਼ੋਤਮ ਦਾ ਸੀ ਉਹ ਭਾਈ
ਔਰਤ ਦਾ ਨੱਕ ਵੱਢਣ ਵੇਲੇ
ਰਤਾ ਵੀ ਉਸਨੂੰ ਸ਼ਰਮ ਨਾ ਆਈ

ਸਭ ਕਹਿੰਦੇ ਨੇ, ਲਛਮਣ ਤਾਂ ਰਾਮ ਦਾ ਦੂਸਰਾ
ਹੱਥ ਸੀ
ਪਰ ਹੈ ਕੋਈ ਰੋਇਆ, ਜਿਸ ਕਦੇ ਵੀ ਪੁੱਛਿਆ
ਜੇ ਲਛਮਣ ਰਾਮ ਦਾ ਦੂਸਰਾ ਹੱਥ ਸੀ
ਉਹ ਹੱਥ ਔਰਤ ਤੇ ਕਿਵੇਂ ਉੱਠਿਆ
ਇੰਨਾ ਕਮਜ਼ੋਰ, ਬੇਰਹਿਮ, ਬੇਦਰਦੀ

ਉਹ ਕਿਵੇਂ ਹੋ ਸਕਦਾ ਸੀ
ਪਿਆਰ ਨਾਲ ਵੀ ਤਾਂ
ਉਹ ਸਮਝਾ ਸਕਦਾ ਸੀ
ਤੇਰੇ ਪਿਆਰ ਨੂੰ ਹਾਂ ਮੈਂ ਸਿਰ ਝੁਕਾਉਂਦਾ
ਦਿਲ ਮੇਰਾ ਹੈ ਹੋਰ ਕਿਸੇ ਦਾ
ਸੂਰਪਨਖ਼ਾ ਦਾ ਉਹ ਨਹੀਂ ਹੋ ਸਕਦਾ ਸੀ
ਪਰ ਜੋ ਕੋਈ ਵੀ ਸੋਚ ਨਹੀਂ ਸਕਦਾ ਸੀ
ਉਸਨੇ ਤਾਂ ਉਹ ਸਭ ਕਰ ਛੱਡਿਆ
ਬੇਸ਼ਰਮੀ ਦੀਆਂ ਕੰਧਾਂ ਟੱਪਕੇ
ਸੂਰਪਨਖ਼ਾ ਦਾ ਨੱਕ ਜਾ ਵੱਢਿਆ

ਪਰ ਹੈ ਕੋਈ
ਜਿਸ ਕਦੇ ਵੀ ਇੱਕ ਪਲ਼ ਇਹ ਸਭ
ਸੋਚਿਆ ਹੋਵੇ
ਕਿੰਨਾ ਭਿਆਨਕ ਉਹ ਮੰਜ਼ਰ
ਹੋਵੇਗਾ
ਜਦ ਸੂਰਪਨਖ਼ਾ ਦਾ ਨੱਕ ਗਿਆ ਸੀ
ਵੱਢਿਆ
ਉਹ ਕਿੰਨਾ ਤੜਫੀ ਹੋਵੇਗੀ
ਉਹ ਕਿੰਨਾ ਵਿਲਕੀ ਹੋਵੇਗੀ
ਚੈਨ ਦੀ ਜ਼ਿੰਦਗੀ ਨਾ ਸੁੱਤੀ ਹੋਵੇਗੀ
ਕਿਸ ਤਰ੍ਹਾਂ ਜ਼ਿੰਦਗੀ ਉਸ ਕੱਟੀ ਹੋਵੇਗੀ
ਉਸਨੇ ਕਿਉਂ ਇਹ ਦਰਦ ਹੰਢਾਇਆ
ਕਿਉਂ ਉਸਨੇ ਇਹ ਸਭ ਦਰਦ ਹੰਢਾਇਆ
ਇਹ ਖ਼ਿਆਲ ਕਿਸੇ ਨੂੰ ਕਿਉਂ ਨਾ ਆਇਆ
ਹੁਣ ਇਹ ਕਹਾਣੀ ਹੈ ਝੂਠੀ ਲੱਗਦੀ
ਨੱਕ ਵੱਢ ਦੇਣਾ, ਸਜ਼ਾ ਪਿਆਰ ਦੀ
ਕਿਸੇ ਕੀਮਤ ਤੇ ਹੋ ਨਹੀਂ ਸਕਦੀ

ਪਰ ਸਦੀਆਂ ਤੋਂ ਹੈ ਇਹ ਰੀਤ
ਚਲੀ ਆਈ
ਔਰਤ ਨੂੰ ਦਬਾਕੇ ਰੱਖੋ ਭਾਈ
ਪਰ
ਇਹ ਵੀ ਤਾਂ ਹੋ ਸਕਦਾ ਹੈ

ਸੂਰਪਨਖ਼ਾ ਤੇ ਲਛਮਣ ਦਾ ਹੀ ਦਿਲ
ਆਇਆ ਹੋਵੇ
ਜਾਂ ਉਸਨੇ ਉਸਨੂੰ ਆਪਣੇ ਮਨ ਦਾ ਹਾਲ
ਸੁਣਾਇਆ ਹੋਵੇ
ਮਿੰਨਤਾਂ ਤਰਲੇ ਕਰਕੇ ਲਛਮਣ
ਵਾਸਤਾ ਪਿਆਰ ਦਾ ਪਾਇਆ ਹੋਵੇ
ਸੂਰਪਨਖ਼ਾ ਦੇ ਦਿਲ ਨੂੰ ਲਛਮਣ ਰਤਾ ਨਾ
ਭਾਇਆ ਹੋਵੇ
ਉਸਦਾ ਹਾੜ੍ਹੇ ਕੱਢਣਾ ਉਸਨੂੰ ਰਾਸ ਨਾ
ਆਇਆ ਹੋਵੇ
ਉਸ ਸੁੰਦਰੀ ਨੂੰ ਬਿਲਕੁਲ ਲਛਮਣ ਨਾ
ਭਾਇਆ ਹੋਵੇ
ਉਸਨੇ ਖ਼ੁਦ ਹੀ ਲਛਮਣ ਨੂੰ ਨਾ ਮੂੰਹ
ਲਾਇਆ ਹੋਵੇ
ਲਛਮਣ ਨੂੰ ਉਸਨੇ ਘਾਹ ਨਾ ਪਾਇਆ ਹੋਵੇ
ਇਹ ਵੀ ਤਾਂ ਸੱਚ ਹੋ ਸਕਦਾ ਹੈ
ਸੂਰਪਨਖ਼ਾ ਨੇ ਹੀ ਲਛਮਣ ਨੂੰ
ਠੁਕਰਾਇਆ ਹੋਵੇ

ਜਦ ਸੂਰਪਨਖ਼ਾ ਲਛਮਣ ਨੂੰ ਸੀ ਠੁਕਰਾਇਆ
ਤਦ ਲਛਮਣ ਦੇ ਅਹਮ ਨੂੰ ਸੱਟ ਵੱਜੀ ਹੋਵੇ
ਗੁੱਸੇ ਦੇ ਵਿੱਚ ਪਾਗਲ ਹੋਇਆ
ਦਾਨਵ ਬਣਕੇ ਫਿਰ ਉਹ ਉਸਦੇ ਪਿੱਛੇ
ਭੱਜਾ ਆਇਆ
ਇਸ ਤਰ੍ਹਾਂ ਉਸਨੇ ਆਪਣਾ ਗੁੱਸਾ ਸੀ
ਕੱਢਿਆ
ਹੰਕਾਰੀ ਨੇ ਸੂਰਪਨਖ਼ਾ ਦਾ ਨੱਕ ਜਾ
ਵੱਢਿਆ

ਹੁਣ ਵੀ ਤਾਂ ਹੁਣ ਵੀ ਤਾਂ
ਹਰ ਥਾਂ ਤੇ ਇਹ ਸਭ ਹੋ ਰਿਹਾ ਹੈ
ਅੱਜ ਦਾ ਲੱਛਮਣ ਵੀ ਤਾਂ
ਥਾਂ ਥਾਂ ਹਰ ਪਲ਼ ਔਰਤ ਨੂੰ ਕੋਹ ਰਿਹਾ ਹੈ
ਜੇ ਔਰਤ ਆਪਣੀ ਹੈ ਮਰਜ਼ੀ ਕਰਦੀ

ਕਿਸੇ ਦੇ ਪਿਆਰ ਤੋਂ ਇਨਕਾਰ ਹੈ ਕਰਦੀ
ਰੂਪੋਂ ਉਹ ਕਰੂਪ ਹੈ ਹੁੰਦੀ
ਤੇਜ਼ਾਬ ਦੇ ਨਾਲ ਹੈ ਉਹ ਸੜ੍ਹਦੀ
ਇਹ ਸਦੀਆਂ ਤੋਂ ਸਮੇਂ ਦਾ ਸੱਚ ਹੈ
ਅੱਜ ਤੋਂ ਹਜ਼ਾਰਾਂ ਸਦੀਆਂ ਪਹਿਲਾਂ
ਜਦ ਆਪਣੀ ਗੱਲ ਸੁਣਾ ਬੈਠੀ ਸੀ
ਲਛਮਣ ਨੂੰ ਇਨਕਾਰ ਕਰਨ ਤੇ
ਸੂਰਪਨਖ਼ਾ, ਆਪਣਾ ਨੱਕ ਵੱਢਾ ਬੈਠੀ ਸੀ

ਕਿਉਂਕਿ
ਤੇਜ਼ਾਬ ਖ਼ੁਦਾਰ ਔਰਤਾਂ ਤੇ ਹੀ ਸੁੱਟਿਆ
ਜਾਂਦਾ ਹੈ
ਨੱਕ ਵੀ ਖ਼ੁਦਾਰ ਔਰਤ ਦਾ ਹੀ ਕੱਟਿਆ
ਜਾਂਦਾ ਹੈ
ਇਸ ਲਈ ਸਮਾਂ ਆਪ ਹੀ ਹੈ ਦੱਸ
ਰਿਹਾ ਹੁਣ
ਸੂਰਪਨਖ਼ਾ, ਡਾਇਣ, ਕਰੂਪ, ਭੈੜੀ
ਔਰਤ ਨਹੀਂ ਸੀ
ਉਹ ਤਾਂ ਬਹੁਤ ਹੀ ਖ਼ੂਬਸੂਰਤ ਤੇ
ਖ਼ੁਦਾਰ ਔਰਤ ਸੀ।
✪

# ਇੱਕ ਕੁੜੀ

ਇੱਕ ਕੁੜੀ ਜੋ
ਆਪਣੇ ਘਰ ਦੇ ਬੂਹੇ ਤੇ ਖੜ੍ਹੀ ਸੀ
ਦਰਦਾਂ ਨਾਲ ਉਹ ਭਰੀ ਪਈ ਸੀ
ਪੁੱਛਣ ਤੇ ਉਹ ਫਿੱਸ ਪਈ ਸੀ
ਵਕਤ ਤੋਂ ਜਿਵੇਂ ਉਹ ਰੁੱਸ ਗਈ ਸੀ

ਪੁੱਛਣ ਤੇ ਉਹ ਦੱਸਣ ਲੱਗੀ
ਉਸਦਾ ਬਾਪ ਹੈ ਉਸਨੂੰ ਕਹਿੰਦਾ
ਉਹ ਤਾਂ ਹੈ ਇੱਕ ਧੀ ਧਿਆਣੀ
ਬਣਕੇ ਰਹਿਣਾ ਪਊ ਉਸਨੂੰ ਸਿਆਣੀ
ਇੱਕ ਕੁੜੀ ਜੋ ਬੂਹੇ ਤੇ ਖੜ੍ਹੀ ਸੀ
ਉਹ ਚੰਗੀ ਨੂੰਹ ਤੇ ਪਤਨੀ ਬਣੇ
ਪਤੀ ਚਾਹੇ ਉਸਨੂੰ ਕੁੱਝ ਵੀ ਕਹੇ
ਮੂੰਹ ਤੇ ਉਂਗਲੀ ਧਰਕੇ ਉਹ ਰਹੇ
ਸੱਸ ਉਸਨੂੰ ਚਾਹੇ ਕੁੱਝ ਵੀ ਸੁਣਾਵੇ
ਸੁੱਤੀ ਉੱਠਕੇ ਪਹਿਲਾਂ, ਪੈਰੀਂ ਹੱਥ ਉਹ
ਉਸਦੇ ਲਾਵੇ

ਸੱਸ ਉਸਨੂੰ ਜੋ ਵੀ ਮਰਜ਼ੀ ਕਹੇ
ਦਿਨ ਰਾਤ ਉਹ ਉਸਦੀ ਸੇਵਾ 'ਚ ਰਹੇ
ਇੱਕ ਕੁੜੀ ਨੂੰ ਉਸਦਾ ਪਿਉ ਹੈ ਕਹਿੰਦਾ
ਉਹ ਮਾਪਿਆਂ ਨੂੰ ਨਾ ਦੁਆਏ ਉਲਾਂਭਾ
ਘਰ ਦਾ ਕੰਮ ਕਾਰ ਸਭ ਉਹ ਆਪੇ ਸੰਭਾਲੇ
ਸਹੁਰਿਆਂ ਲਈ ਤਾਜ਼ੀ ਰੋਟੀ ਉਹ ਪਕਾਏ
ਆਪ ਬੇਸ਼ੱਕ ਬੇਹੀਆਂ ਰੋਟੀਆਂ ਉਹ ਖਾਏ

ਉਹ ਕੁੜੀ ਜੋ ਬੂਹੇ ਤੇ ਖੜ੍ਹੀ ਸੀ
ਉਸ ਕੁੜੀ ਨੂੰ ਇਹ ਸਭ ਸਮਝ ਨਾ ਆਏ
ਸੱਸ ਉਸਦੀ ਉਸਨੂੰ ਜਿਉਣ ਦਏ ਨਾ
ਸਾਰਿਆਂ ਅੱਗੇ ਉਸਨੂੰ ਭੰਡਦੀ ਫਿਰੇ ਉਹ
ਸਾਰੇ ਟੱਬਰ ਤੋਂ ਗਾਲ੍ਹਾਂ ਹੈ ਉਹ ਖਾਂਦੀ

ਦਿਨ ਬ ਦਿਨ ਉਹ ਝੁਕਦੀ ਹੀ ਜਾਏ
ਉਹ ਕੁੜੀ ਜੋ ਬੂਹੇ ਤੇ ਖੜ੍ਹੀ ਸੀ
ਅੱਜ ਉਸਦਾ ਮਨ ਸੀ ਭਰ ਆਇਆ
ਆਪਣੇ ਪਿਉ ਨੂੰ ਜਾਕੇ ਉਸਨੇ
ਆਪਣੇ ਦਿਲ ਦਾ ਸੀ ਹਾਲ ਸੁਣਾਇਆ

ਉਸ ਕੁੜੀ ਨੂੰ
ਉਸਦੇ ਪਿਉ ਨੇ ਜਦ ਗਲ਼ ਆਪਣੇ ਸੀ
ਲਾਇਆ
ਸੌ ਸੌ ਉਸ ਵੀ ਗੱਲਾਂ ਕੀਤੀਆਂ
ਪੜ੍ਹਾਈ ਕਰਾਈ ਤੇ ਪਾਲਣ ਪੋਸ਼ਣ ਦਾ
ਨਾਲ ਨਾਲ ਸੀ ਅਹਿਸਾਨ ਜਤਾਇਆ
ਇੱਕ ਕੁੜੀ ਜੋ ਬੂਹੇ ਤੇ ਖੜ੍ਹੀ ਸੀ
ਪਰ ਉਸ ਕੁੜੀ ਦਾ ਦਿਲ ਅੱਜ ਸੀ
ਭਰ ਆਇਆ
ਆਪਣੇ ਪਿਉ ਨੂੰ ਵੀ ਉਸ ਬਹੁਤ
ਸੁਣਾਇਆ
ਬੇਸ਼ੱਕ ਉਹ ਇੱਕ ਚੰਗਾ ਪਿਉ ਸੀ
ਉਸਨੇ ਵੀ ਤਾਂ ਉਸਦੀ ਮਾਂ ਨੂੰ ਸੀ
ਬਹੁਤ ਸਤਾਇਆ

ਉਹ ਕੁੜੀ ਜੋ ਬੂਹੇ ਤੇ ਖੜ੍ਹੀ ਸੀ
ਜੋ ਗੱਲ ਵੀ ਉਸਦੇ ਮਨ ਦੇ ਵਿੱਚ ਆਈ
ਉਸਨੇ ਪਿਉ ਨੂੰ ਕਹਿ ਸੁਣਾਈ
ਉਹ ਕਿਉਂ ਉਸਨੂੰ ਹੀ ਇਹ ਸਭ ਕਹਿੰਦਾ ਹੈ
ਉਸਦੇ ਤਾਂ ਦੁੱਖ ਸਹਿਣੇ ਨੂੰ ਹੀ
ਕਿਉਂ ਉਹ ਸ਼ਰਾਫ਼ਤ ਕਹਿੰਦਾ ਹੈ

ਉਸਦੀ ਨੂੰਹ ਤਾਂ ਮਰਜ਼ੀ ਆਪਣੀ ਹੈ ਕਰਦੀ
ਉਸ ਨੂੰ ਤਾਂ ਉਹ ਕੁੱਝ ਕਹਿੰਦਾ ਨਾ
ਆਪਣੇ ਘਰ ਦੇ ਦਰਵਾਜ਼ੇ ਤੋਂ ਤਾਂ
ਜਦ ਉਹ ਹੌਲ਼ੀ ਹੌਲ਼ੀ ਲੰਘਦਾ ਹੈ
ਖੰਘਣ ਤੋਂ ਵੀ ਡਰਦਾ ਹੈ
ਉਸਨੂੰ ਤਾਂ ਉਹ ਕੁੱਝ ਵੀ ਕਹਿੰਦਾ ਨਾ

ਆਪਣੀ ਮਰਜ਼ੀ ਨਾਲ ਉਹ ਹੁਣ
ਨਾ ਕੁੱਝ ਖਾਂਦਾ ਹੈ ਨਾ ਪੀਂਦਾ ਹੈ
ਨਾ ਤੁਰਦਾ ਹੈ, ਨਾ ਬਹਿੰਦਾ ਹੈ
ਆਪਣਾ ਸਭ ਕੁੱਝ ਆਪ ਗਵਾ ਕੇ
ਹੁਣ ਕਿੰਨਾ ਕੁੱਝ ਉਹ ਸਹਿੰਦਾ ਹੈ

ਪੁੱਤਾਂ ਤੋਂ ਤਾਂ ਡਰਦਾ ਹੈ ਰਹਿੰਦਾ
ਉਹ ਧੀ ਨੂੰ ਹੀ ਕਿਉਂ ਸਭ ਕੁੱਝ
ਕਹਿੰਦਾ ਹੈ
ਉਹ ਕੁੜੀ ਜੋ ਬੂਹੇ ਤੇ ਖੜ੍ਹੀ ਸੀ
ਆਪਣੇ ਪਿਉ ਨੂੰ ਆਖ਼ਿਰ ਉਹ ਕਹਿੰਦੀ
ਬਹੁਤ ਕੁੱਝ ਹੈ ਸਹਿ ਲਿਆ
ਹੁਣ ਮੈਂ ਵੀ ਨਾ ਸਹਿੰਦੀ

ਤੇਰੀਆਂ ਨੂੰਹਾਂ ਵੀ ਤਾਂ ਮਰਜ਼ੀ ਹੈ ਕਰਦੀਆਂ
ਨਾ ਤੇਰੇ ਤੋਂ ਨਾ ਤੇਰੇ ਪੁੱਤਾਂ ਤੋਂ ਹੀ ਡਰਦੀਆਂ
ਉਹ ਕੁੜੀ ਹੁਣ ਇਹ ਕਹਿੰਦੀ ਹੈ
ਮੈਂ ਵੀ ਆਪਣੀ ਮਰਜ਼ੀ ਹੁਣ ਕਰਾਂਗੀ
ਸਹੁਰਿਆਂ ਤੋਂ ਹੁਣ ਹੋਰ ਨਾ ਡਰਾਂਗੀ
ਆਪਣੇ ਲਈ ਉਹ ਵੀ ਕੰਮ ਕਰੇਗੀ
ਸੱਸ ਦੇ ਹੱਥ ਹੁਣ ਸਭ ਕੁੱਝ ਨਾ ਧਰੇਗੀ
ਜਿਉਂਦੇ ਜੀ ਹੁਣ ਨਾ ਉਹ ਮਰੇਗੀ
ਇੱਕ ਕੁੜੀ ਜੋ ਘਰ ਦੇ ਬੂਹੇ ਤੇ
ਖੜ੍ਹੀ ਸੀ।
✪

## ਚਕਲਾ

ਖ਼ੂਬਸੂਰਤ ਫੁੱਲਾਂ ਦਾ
ਉਹ ਗੁੱਲਦਸਤਾ ਲੈਕੇ ਆਉਂਦਾ ਹੈ
ਮਹਿੰਗੇ ਮਹਿੰਗੇ ਰੈਸਤਰਾਂ 'ਚ ਖਾਣੇ ਵੀ
ਖਵਾਉਂਦਾ ਹੈ
ਹਰ ਪਲ ਆਪਣੀਆ ਪਲਕਾਂ ਤੇ
ਬਿਠਾਉਂਦਾ ਹੈ
ਸੁੰਦਰ ਸੁਹਾਵਣੇ ਖ਼ਾਬ ਵੀ
ਦਿਖਾਉਂਦਾ ਹੈ
ਜਦ ਦਿਲ ਭਰ ਜਾਵੇ
ਉਸਤੋਂ ਮੂੰਹ ਮੋੜਕੇ ਉਹ
ਇੱਕ ਨਵਾਂ ਫੁੱਲ ਹੋਰ ਲੈ
ਆਉਂਦਾ ਹੈ

ਫਿਰ ਇੱਕ ਹੋਰ ਨਵਾਂ ਪੈਂਤੜਾ
ਅਪਣਾਉਂਦਾ ਹੈ
ਜਿਸ ਨੂੰ ਦਿਲ ਦੀ ਰਾਣੀ
ਦੱਸਦਾ ਸੀ
ਉਸ ਨੂੰ ਉਹ ਵੇਚ ਆਉਂਦਾ ਹੈ
ਕੋਠਿਆਂ ਦੇ ਮਹਿਲ ਵਿੱਚ
ਉਸ ਨੂੰ ਫਿਰ ਬਿਠਾਉਂਦਾ ਹੈ
ਹਰ ਰੋਜ਼ ਨਵੇਂ ਨਵੇਂ ਰਾਜੇ ਉਹ
ਬੁਲਾਉਂਦਾ ਹੈ
ਆਪਣੇ ਦਿਲ ਦੀ ਰਾਣੀ ਨੂੰ
ਉਹ
ਹੁਣ ਰਾਣੀ ਉਹਨਾਂ ਦੀ
ਬਣਾਉਂਦਾ ਹੈ

ਹਰ ਪਲ਼ ਇੱਕ ਨਵਾਂ ਸਵਾਂਗ
ਉਹ ਰਚਾਉਂਦਾ ਹੈ
ਜਦੋਂ ਦਿਲ ਹੈ ਭਰ ਜਾਂਦਾ
ਹਰ ਫੁੱਲ ਵੇਚ ਆਉਂਦਾ ਹੈ
ਜਿਸਮਾਂ ਦੀ ਦੁਨੀਆਂ ਦਾ ਧੰਦਾ
ਉਹ ਚਲਾਉਂਦਾ ਹੈ
ਭੋਲਾ ਭਾਲ਼ਾ ਬਣਕੇ ਉਹ ਕਾਰੋਬਾਰ
ਇਹ ਵਧਾਉਂਦਾ ਹੈ
ਖ਼ੂਬਸੂਰਤ ਫੁੱਲਾਂ ਦਾ ਉਹ
ਗੁੱਲਦਸਤਾ
ਲੈ ਕੇ ਆਉਂਦਾ ਹੈ।

✪

## ਤੁਲਸੀਦਾਸ

ਅੱਜ ਹੋਵੇ ਤੁਲਸੀਦਾਸ ਤਾਂ ਮੈਂ ਪੁੱਛਾਂ
ਉਸਨੂੰ
ਉਹ ਕਿਸ ਅਮੜੀ ਦਾ ਜਾਇਆ ਸੀ
ਢੋਲ ਗਵਾਰ ਸ਼ੂਦਰ ਔਰ ਨਾਰੀ
ਚਾਰੋਂ ਮਾਰਨ ਕੇ ਅਧਿਕਾਰੀ
ਇਹ ਖ਼ਿਆਲ ਉਸਨੂੰ ਕਿਉਂ
ਆਇਆ ਸੀ
ਜੇ ਅੱਜ ਹੋਵੇ ਤੁਲਸੀਦਾਸ ਤਾਂ....

ਇਹ ਖ਼ਿਆਲ ਉਸਦਾ ਸੀ ਆਪਣਾ
ਜਾਂ ਕਿਸੇ ਨੇ ਉਸ ਤੋਂ ਲਿਖਾਇਆ ਸੀ
ਜੇ ਉਸਦਾ ਇਹ ਖ਼ਿਆਲ ਸੀ ਆਪਣਾ
ਆਖ਼ਿਰ ਕਿਉਂ ਉਸਦੇ ਮਨ ਵਿੱਚ
ਆਇਆ ਸੀ
ਅੱਜ ਹੋਵੇ ਤੁਲਸੀਦਾਸ ਤਾਂ....

ਕੀ ਉਸ ਪਾਇਆ ਇਹ ਸਭ ਲਿਖ ਕੇ
ਜੋ ਭਰਮ ਇਹ ਫ਼ੈਲਾਇਆ ਸੀ
ਜਾਂ ਹਾਸਿਲ ਕੀਤਾ ਸੀ ਉਸ ਕੋਈ
ਖਾਸ ਰੁਤਬਾ
ਜਿਸ ਖਾਤਿਰ ਉਸ ਆਪਣਾ ਆਪ
ਗਵਾਇਆ ਸੀ
ਪਰ ਲੱਗਦਾ ਹੈ ਚੰਦ ਛਿਲੜਾਂ ਨੇ ਉਸਨੂੰ
ਭਰਮਾਇਆ ਸੀ
ਅੱਜ ਹੋਵੇ ਤੁਲਸੀਦਾਸ ਤਾਂ....
ਕਿਉਂ ਉਸ ਆਪਣੀ ਜ਼ਮੀਰ ਸੀ ਵੇਚੀ
ਉਸਦੀ ਮਾਂ ਵੀ ਤਾਂ ਔਰਤ ਸੀ

ਮਾਂ ਦੀ ਕੁੱਖੋਂ ਹੀ ਉਸ ਜਨਮ ਲਿਆ ਸੀ
ਜਾਂ ਕਿਸੇ ਵੱਖਰੇ ਰਸਤੇ ਰਾਹੀਂ
ਉਹ ਇਸ ਦੁਨੀਆਂ ਤੇ ਆਇਆ ਸੀ
ਜੇ ਅੱਜ ਹੋਵੇ ਤੁਲਸੀਦਾਸ ਤਾਂ....
ਉਹ ਇੰਝ ਕਿਵੇਂ ਕਰ ਸਕਦਾ ਸੀ
ਰਾਮ ਚਰਿੱਤਰ ਮਾਨਸ ਦਾ ਰਚੇਤਾ
ਇਸ ਹੱਦ ਤੱਕ ਕਿਵੇਂ ਗਿਰ ਸਕਦਾ ਸੀ
ਕਿਹੜਾ ਸੀ ਉਸ ਸੱਚ ਛੁਪਾਇਆ
ਕਿਉਂ ਆਪਣੀ ਮਾਂ ਦਾ ਸੀ ਉਸ ਸਿਰ
ਝੁਕਾਇਆ
ਅੱਜ ਹੋਵੇ ਤੁਲਸੀਦਾਸ ਤਾਂ....

ਉਹ ਤਾਂ ਸੀ ਇੱਕ ਉੱਚ ਲਿਖਾਰੀ
ਕੋਈ ਨਹੀਂ ਸੀ ਉਸਦਾ ਆੜੀ
ਉਹ ਤਾਂ ਕੁੱਝ ਵੀ ਲਿਖ ਸਕਦਾ ਸੀ
ਕਿਵੇਂ ਭਲਾ ਉਹ ਵਿੱਕ ਸਕਦਾ ਸੀ
ਅੱਜ ਹੋਵੇ ਤੁਲਸੀਦਾਸ ਤਾਂ....

ਉਸਦੀ ਮਾਂ ਨੂੰ ਵੀ ਸੀ ਰੋਣਾ ਆਇਆ
ਉਹ ਵੀ ਤਾਂ ਸੀ ਔਰਤ ਦਾ ਹੀ ਜਾਇਆ
ਉਸ ਰਾਹੀਂ ਇਸ ਦੁਨੀਆਂ ਵਿੱਚ ਆਇਆ
ਕਿਉਂ ਔਰਤ ਤੇ ਉਸ ਦੋਸ਼ ਇਹ ਲਾਇਆ
ਜੇ ਅੱਜ ਹੋਵੇ ਤੁਲਸੀਦਾਸ ਤਾਂ....

ਸੀਤਾ ਨੂੰ ਜਦ ਰਾਮ ਸੀ ਛੱਡਿਆ
ਤੁਲਸੀਦਾਸ ਨੂੰ ਜਰਾ ਤਰਸ ਨਾ ਆਇਆ
ਸੱਚੇ ਰੱਬ ਤੋਂ ਉਹ ਡਰਿਆ ਨਾ
ਹੱਥੋਂ ਉਸਦੇ ਕਲਮ ਡਿੱਗੀ ਨਾ
ਜਦ ਔਰਤ ਤੇ ਇਲਜ਼ਾਮ ਸੀ ਲਾਇਆ
ਸੀਤਾ ਦਾ ਵੀ ਸੀ ਉਸ ਦਿਲ ਦੁਖਾਇਆ
ਅੱਜ ਹੋਵੇ ਤੁਲਸੀਦਾਸ ਤਾਂ....

ਕੁੱਖ ਦੇ ਵਿੱਚ ਦੋ ਪੁੱਤਰਾਂ ਨੂੰ ਲੈ ਕੇ
ਜਨਕ ਦੁਲਾਰੀ ਜੰਗਲਾਂ 'ਚ ਸੀ ਭਟਕੀ

ਮਾੜਾ ਸਮਾਂ ਤਾਂ ਉਸ ਤੇ ਸੀ ਆਇਆ
ਲਵ-ਕੁਸ਼ ਨਾਲ ਕਿਵੇਂ ਵਕਤ ਸੀ
ਲੰਘਾਇਆ
ਸੀਤਾ ਨੇ ਵੀ ਜਿਉਂਦੇ ਜੀ ਸੀ ਇੱਕ
ਸੰਤਾਪ ਹੰਢਾਇਆ
ਅੱਜ ਹੋਵੇ ਤੁਲਸੀਦਾਸ ਤਾਂ....

ਵਾਲਮੀਕੀ ਨੂੰ ਸਭ ਸ਼ੂਦਰ ਨੇ ਦੱਸਦੇ
ਪਰ ਉਸ ਬਖਸ਼ੀ ਸੀ ਇੱਜ਼ਤ
ਸੀਤਾ ਨੂੰ
ਔਖੇ ਪੈਂਡੇ ਨਾਲ ਸੀ ਖੜ੍ਹਿਆ
ਸੀਤਾ ਨੂੰ ਇਸ ਹਾਲ 'ਚ ਦੇਖ ਕੇ
ਤੁਲਸੀਦਾਸ ਦਾ ਮਨ ਕਿਉਂ ਨਾ ਭਰਿਆ
ਨਾਰੀ ਨੂੰ ਨੀਚਾ ਦਿਖਾਕੇ
ਸੀਤਾ ਦੇ ਸਿਰ ਨੂੰ ਝੁਕਾਕੇ
ਸੀਤਾ ਦਾ ਵੀ ਦਿਲ ਨਾ ਪੜ੍ਹਿਆ
ਤੁਲਸੀਦਾਸ ਕਿਸ ਤੋਂ ਰਿਹਾ ਡਰਿਆ
ਜੇ ਅੱਜ ਹੋਵੇ ਤੁਲਸੀਦਾਸ ਤਾਂ....

ਢੋਲ, ਗਵਾਰ, ਸ਼ੂਦਰ ਔਰ ਨਾਰੀ
ਚਾਰੋਂ ਤਾੜਨ ਕੇ ਅਧਿਕਾਰੀ
ਇਹ ਸਭ ਲਿਖ ਉਹ ਸੰਤ ਸੀ ਬਣਿਆ
ਜਾਂ ਸੰਤ ਹੋਵਣ ਦਾ ਸੀ ਸਵਾਂਗ
ਰਚਾਇਆ
ਮੈਂ ਨਾ ਜਾਣਾ ਕੀ ਸੱਚ ਹੈ
ਨਾ ਮੈਂ ਜਾਣਾ ਕੀ ਝੂਠ ਹੈ

ਜੇ ਇਹ ਸਭ ਲਿਖਿਆ ਤੁਲਸੀਦਾਸ ਨੇ
ਉਸ ਨੇ ਕਿਉਂ ਇਹ ਪਾਪ ਕਮਾਇਆ
ਜਾਂ ਕਿਸੇ ਦੁਸ਼ਮਣ ਨੇ ਇਹ ਉਸਤੋਂ
ਕਰਵਾਇਆ
ਜਾਣ ਬੁੱਝ ਕੇ ਜਾਂ ਭੁੱਲ ਭੁੱਲੇਖੇ
ਸੀਤਾ ਦਾ ਵੀ ਦਿੱਲ ਜਾ ਦੁਖਾਇਆ
ਇਹ ਸਭ ਲਿਖ ਉਸ ਨਾਰੀ ਤੇ ਸੀ

ਕਹਿਰ ਢਾਇਆ
ਇਸ ਗੱਲ ਤੇ ਉਹ ਕਿਉਂ
ਅੜਿਆ ਸੀ
ਔਰਤ ਲਈ ਉਹ ਕਿਉਂ ਨਾ
ਖੜ੍ਹਿਆ ਸੀ
ਜਿਉਂਦੇ ਜੀ ਹੀ ਕਿਉਂ
ਮਰਿਆ ਸੀ
ਆਪਣੇ ਰੱਬ ਤੋਂ ਵੀ ਨਾ
ਡਰਿਆ ਸੀ
ਉਸਦੀ ਮਾਂ ਇਹ ਦੁੱਖ ਕਿਵੇਂ
ਜਰਿਆ ਸੀ
ਅੱਜ ਹੋਵੇ ਤੁਲਸੀਦਾਸ ਤਾਂ ਮੈਂ
ਪੁੱਛਾਂ ਉਸਨੂੰ....।
✪

## ਬੇਯਕੀਨੀ

ਉਹ ਉਸਨੂੰ ਹਰ ਵਾਰ ਇੱਕ
ਉਮੀਦ
ਜਿਹੀ ਦਿੰਦਾ ਰਿਹਾ
ਤੇ
ਉਹ ਉਸਤੇ
ਯਕੀਨ ਕਰ ਕਰਕੇ ਥੱਕ ਗਈ

ਹੁਣ
ਉਸਨੂੰ
ਜੇ ਕੋਈ ਪਿੱਛੋਂ ਆਵਾਜ਼ ਮਾਰਕੇ
ਬੁਲਾਉਂਦਾ ਹੈ

ਤਾਂ ਉਸਨੂੰ ਉਸਤੋਂ ਭੈਅ ਜਿਹਾ
ਆਉਂਦਾ ਹੈ
ਤੇ ਧਰਵਾਸ ਦਿੰਦਾ ਹਰ ਸ਼ਖਸ
ਉਸਨੂੰ ਬੇਈਮਾਨ ਜਿਹਾ
ਲੱਗਦਾ ਹੈ।
✪

## ਕੈਦਖ਼ਾਨਾ

ਉਹ ਆਪਣੇ ਹੀ ਬਣਾਏ ਹੋਏ
ਮਹਿਲ
ਵਿੱਚ
ਕੈਦ ਹੈ
ਕੁਝ ਇਸ ਤਰ੍ਹਾਂ
ਕਿ
ਉਸਨੂੰ ਸਭ ਕੁੱਝ ਭਿਆਨਕ
ਲੱਗਦਾ ਹੈ
ਜਿਵੇਂ ਕੈਮਰੇ ਦੀਆਂ ਅੱਖਾਂ ਉਸ
ਵੱਲ
ਝਾਕਦੀਆਂ ਨੇ
ਤੇ ਕੋਈ ਦੂਰ ਬੈਠਾ ਉਸਦੀ
ਪਹਿਰੇਦਾਰੀ ਕਰਦਾ ਹੈ

ਉਹ ਇੱਕ ਕੈਦੀ ਹੀ ਤਾਂ ਹੈ
ਜੋ
ਉਸ ਵੱਲ ਦੇਖਦੇ ਹੋਏ ਕੈਮਰੇ
ਦੀਆਂ
ਨਜ਼ਰਾਂ ਤੋਂ
ਦੂਰ ਕਿਤੇ ਭੱਜਣਾ ਚਾਹੁੰਦੀ ਹੈ
ਕਦੇ ਕਦੇ ਦੂਰ ਬੈਠੇ
ਉਹ
ਉਸ ਸ਼ਾਜਿਸ਼ੀ ਪੁਰਸ਼ ਦੇ ਨਾਲ
ਕੈਮਰੇ ਦੀਆਂ ਅੱਖਾਂ ਵਿੱਚ ਅੱਖਾਂ
ਪਾ
ਗੱਲਾਂ ਕਰਦੀ ਹੈ

ਤੇ
ਹੱਸ ਹੱਸਕੇ ਦੱਸਦੀ ਹੈ
ਤੂੰ ਦੇਖ
ਮੈਂ ਕੀ ਕੀ ਕਰਦੀ ਹਾਂ
ਮਹਿਲ ਬਣਾਉਣ ਵੇਲੇ ਤੈਨੂੰ ਨਹੀਂ
ਪਤਾ ਸੀ
ਕਿ ਤੂੰ
ਇੱਕ ਬੇਯਕੀਨੀ ਦਾ ਮਹਿਲ ਵੀ
ਉਸਾਰ ਦਿੱਤਾ ਸੀ
ਉਸਦੇ ਇਰਦ ਗਿਰਦ
ਜੋ ਨਹੀਂ ਜਿਉਣ ਦਿੰਦਾ ਉਸਨੂੰ

ਕਿਉਂਕਿ
ਉਸ ਵਿੱਚੋਂ ਉਸ ਨੂੰ
ਆਪਣਾ ਆਪ
ਤੇ
ਤੂੰ
ਨਹੀਂ ਲੱਭਦਾ!
ਤੁਸੀਂ ਤਾਂ ਕਿੱਧਰੇ ਹੋਰ ਹੀ ਗਵਾਚ
ਗਏ ਹੋ
ਜੋ
ਇੱਕ ਦੂਜੇ ਦੇ ਸਾਹਮਣੇ ਹੋਵਣ
ਤੋਂ ਵੀ
ਡਰਦੇ ਹੋ
ਕਿ
ਕਿਤੇ
ਤੁਹਾਡੇ ਅੰਦਰਲੇ ਬੇਜ਼ੁਬਾਨ ਰੌਲ਼ੇ ਦੇ
ਨਾਲ
ਮਹਿਲ ਦੀਆਂ ਕੰਧਾਂ ਨਾ
ਢਹਿ ਜਾਵਣ

ਪਰ ਤੁਸੀਂ ਭੁੱਲ ਚੁੱਕੇ ਹੋ ਕਿ ਇਸ
ਮਹਿਲ ਦੀਆਂ

ਦੀਵਾਰਾਂ ਖੋਖਲੀਆਂ ਹੋ
ਚੁੱਕੀਆਂ ਨੇ
ਤੇ ਇਹ
ਕਿਸੇ ਵੇਲੇ ਵੀ ਢਹਿ ਸਕਦਾ ਹੈ
ਸ਼ਾਇਦ
ਤੁਹਾਨੂੰ ਪਤਾ ਵੀ ਨਾ ਲੱਗੇ
ਤੁਹਾਡੇ ਬੁੱਲ੍ਹਾਂ 'ਚੋਂ ਗਵਾਚ ਗਏ ਹਾਸੇ
ਬੁੱਝ ਚੁੱਕੇ ਅਰਮਾਨ
ਧੁਆਂਖੀਆਂ ਸੱਧਰਾਂ
ਮਰ ਗਏ ਸੁਫ਼ਨੇ
ਇਸ ਦੀਆਂ ਪਰਤਾਂ ਵਿੱਚ ਹੀ ਦੱਬ ਕੇ
ਰਹਿ ਜਾਵਣ।
✪

# ਡਰ

ਉਹ ਹਰ ਰੋਜ਼ ਰਾਤ ਬਿਤਾ ਕੇ
ਬਾਹਰੋਂ ਘਰ ਆ ਜਾਂਦਾ ਹੈ
ਉਹ ਥੋੜ੍ਹਾ ਜਿਹਾ ਹੱਸਦੀ ਹੈ
ਤੇ ਨਾਲ ਹੀ ਡਰ ਵੀ ਜਾਂਦੀ ਹੈ
ਕਿਉਂਕਿ
ਉਹ ਉਸਦੇ ਬਘਿਆੜਪੁਣੇ ਤੋਂ
ਜਾਣੂ ਹੈ

ਉਹ ਜਾਣਦੀ ਹੈ
ਉਹ ਕਿਸੇ ਦੇ ਨਾਲ ਥੋੜ੍ਹਾ ਜਿਹਾ
ਹੱਸ ਵੀ ਪਈ ਤਾਂ
ਉਸਦਾ ਅਹਮ ਟੁੱਟ ਜਾਵੇਗਾ
ਤੇ
ਉਹ ਉਸਨੂੰ ਮਾਰਨ, ਵੱਢਣ ਤੇ
ਆ ਜਾਵੇਗਾ
ਉਹ ਤਾਂ ਸਿਰਫ਼ ਤੇ ਸਿਰਫ਼ ਉਸਦੀ ਹੀ
ਪਿੱਤਰੀ
ਮਲਕੀਅਤ ਹੈ
ਜੋ
ਹੱਸ ਵੀ ਉਸੇ ਨਾਲ ਹੀ ਸਕਦੀ ਹੈ

ਅਸਲ ਵਿੱਚ ਉਹ ਬਹੁਤ
ਡਰ ਗਿਆ ਹੈ
ਕਿ
ਉਹ ਵੀ ਕਿਤੇ ਉਸ ਔਰਤ ਵਾਂਗ
ਨਾ ਬਣ ਜਾਵੇ
ਜਿਸ ਨਾਲ ਉਹ ਬਾਹਰ
ਰਾਤ ਗੁਜ਼ਾਰ ਕੇ ਆਇਆ ਹੈ
ਉਹ ਤਾਂ ਇੱਕ ਮਰਦ ਹੈ
ਉਹ ਕੁੱਝ ਵੀ ਕਰ ਸਕਦਾ ਹੈ
ਪਰ ਉਹ ਸਿਰਫ਼

ਉਸਦੇ ਘਰ ਦੀ ਇੱਜ਼ਤ ਹੈ
ਜੋ
ਕਿਸੇ ਦੇ ਨਾਲ ਖੁਲ੍ਹਕੇ ਹੱਸ ਵੀ
ਨਹੀਂ ਸਕਦੀ
ਪਰ ਉਹ ਇਹ
ਅਕਸਰ ਭੁੱਲ ਜਾਂਦਾ ਹੈ
ਕਿ
ਸਾਰੀ ਰਾਤ ਉਹ ਜਿਸ ਨਾਲ ਰਿਹਾ
ਉਹ ਵੀ ਤਾਂ ਕਿਸੇ ਦੇ ਘਰ ਦੀ
ਇੱਜ਼ਤ ਸੀ
ਤੇ
ਉਹ ਕਿਵੇਂ ਟੁਕੜਾ-ਟੁਕੜਾ ਕਰ
ਆਇਆ ਸੀ

ਉਸਨੂੰ ਨਿਰੰਤਰ
ਇੱਕ ਡਰ ਸਤਾ ਰਿਹਾ ਹੈ
ਕਿਤੇ ਕੋਈ ਹੁਣ ਉਸਦੀ ਇੱਜ਼ਤ ਵੀ
ਰੋਲ ਨਾ ਦਏ
ਇਸ ਨਾਲ
ਉਸਦੀ ਮਰਦਾਨਗੀ ਨੂੰ ਸੱਟ
ਵੱਜਦੀ ਹੈ
ਤੇ
ਉਹ ਹੁਣ ਕਾਇਰਾਂ ਵਾਂਗ
ਉਸਦੇ ਹੱਸਣ ਤੇ ਵੀ ਪਬੰਦੀਆਂ
ਲਾ ਰਿਹਾ ਹੈ।
✪

## ਉਹ ਤੇ ਉਹ

ਉਹ ਉਸ ਤੋਂ ਡਰਦੀ ਏ
ਉਹ ਉਸ ਤੋਂ ਡਰਦਾ ਏ
ਉਹ ਉਸ ਤੋਂ ਬਚਦੀ ਏ
ਉਹ ਉਸ ਤੋਂ ਬਚਦਾ ਏ
ਉਹ ਉਸ ਲਈ ਸੱਜਦੀ ਏ
ਉਹ ਉਸ ਲਈ ਜੱਚਦਾ ਏ

ਉਹ ਉਸ ਤੋਂ ਛੁੱਪਦੀ ਏ
ਉਹ ਉਸ ਤੋਂ ਭੱਜਦਾ ਏ
ਉਹ ਉੱਪਰੋਂ ਹੱਸਦੀ ਏ
ਉਹ ਵੀ ਅੰਦਰੋਂ ਰੋਂਦਾ ਏ
ਉਹ ਬਹੁਤ ਹੀ ਸਹਿੰਦੀ ਏ
ਉਹ ਨਾਲ ਨਾ ਖੜ੍ਹਦਾ ਏ

ਉਹ ਉਸ ਤੋਂ ਪਈ ਬੱਚਦੀ ਏ
ਉਹ ਉਸ ਪਿੱਛੇ ਪਿਆ ਭੱਜਦਾ ਏ
ਉਹ ਕੀ ਕੁੱਝ ਜਰਦੀ ਏ
ਉਹ ਕੁੱਝ ਵੀ ਨਾ ਦੱਸਦਾ ਏ
ਉਹ ਹਰ ਪਲ ਸੜਦੀ ਏ
ਉਹ ਠਰਦਾ ਹੀ ਰਹਿੰਦਾ ਏ

ਉਹ ਹਰ ਪਲ ਬਲ਼ਦੀ ਏ
ਉਹ ਜਲਦਾ ਲੱਗਦਾ ਏ
ਉਹ ਨੀਵੀਂ ਪਾਈ ਬਹਿੰਦੀ ਏ
ਉਹ ਤੱਕਦਾ ਹੀ ਰਹਿੰਦਾ ਏ
ਉਹ ਗੀਤਾਂ ਨੂੰ ਸੁਣਦੀ ਏ
ਉਹ ਗਾਲ਼ਾਂ ਹੀ ਕੱਢਦਾ ਏ

ਉਹ ਸ਼ਾਤ ਪਰਿੰਦਾ ਏ
ਉਹ ਅਸ਼ਾਂਤ ਹੀ ਰਹਿੰਦਾ ਏ
ਉਹ ਜਿਉਣੇ ਲਈ ਲੜਦੀ ਏ
ਉਹ ਸ਼ੋਸ਼ਣ ਕਰਦਾ ਏ।
✪

## ਜੋ ਉਹ ਸੀ

ਉਸਦੀ ਨਫ਼ਰਤ ਭਰੀ ਸੂਰਤ
ਬੇਈਮਾਨ ਮੂਰਤ
ਆਪਣੀ ਝੂਠੀ ਜੀਭਾ ਤੇ ਖਿੱਝੀਆਂ
ਅੱਖਾਂ
ਦੇ ਨਾਲ
ਜਦ ਵੀ ਉਸਦੇ ਸਾਹਮਣੇ
ਆਉਂਦੀ ਹੈ
ਤੇ
ਖਤਮ ਕਰ ਜਾਂਦੀ ਹੈ
ਉਸਦੇ
ਆਪਣੇ ਵਜੂਦ ਨੂੰ

ਹੁਣ ਉਸ ਨੂੰ ਲੱਗਦਾ ਹੈ ਕਿ ਉਹ
ਉਸਨੂੰ
ਅੰਦਰੋਂ ਅੰਦਰੀ
ਖਤਮ ਕਰਕੇ ਹੀ ਦਮ ਲਵੇਗੀ
ਉਹ ਹੁਣ ਉਸਤੋਂ
ਬਹੁਤ ਦੂਰ, ਬਹੁਤ ਦੂਰ, ਬਹੁਤ ਹੀ ਦੂਰ
ਭੱਜ ਜਾਣਾ ਚਾਹੁੰਦੀ ਹੈ
ਹਮੇਸ਼ਾ ਹਮੇਸ਼ਾ ਦੇ ਲਈ

ਜਿੱਥੇ
ਉਹ ਉਸਨੂੰ ਖਤਮ ਨਾ ਕਰ ਸਕੇ
ਕਿਉਂਕਿ
ਉਹ ਹੁਣ ਉਹ ਹੀ ਰਹਿਣਾ ਚਾਹੁੰਦੀ ਹੈ
ਜੋ ਉਹ ਸੀ
ਉਹ ਨਹੀਂ ਚਾਹੁੰਦੀ ਕਿ ਉਸਦੀਆਂ
ਖਿੱਝੀਆਂ ਅੱਖਾਂ ਦੀ ਤੱਕਣੀ
ਤੇ

ਝੂਠੀ ਜੀਭਾ
ਕਰ ਦਏ ਖਤਮ ਉਸਨੂੰ ਧੁਰ
ਅੰਦਰ ਤੀਕ

ਬਣਾ ਦੇਵੇ ਸ਼ਮਸ਼ਾਨ ਉਸਦੀਆਂ
ਸੋਚਾਂ ਤੇ ਰੀਝਾਂ ਨੂੰ
ਤੇ
ਜਲਾ ਦੇਵੇ ਉਸਦਾ ਅਸਤਿਤਵ
ਆਪਣੀ ਨਫ਼ਰਤ ਭਰੀ ਤੱਕਣੀ ਦੀ
ਚਿਖਾ ਵਿੱਚ
ਉਹ ਉਸਦੀਆਂ ਸੜ੍ਹੀਆਂ ਹੋਈਆਂ
ਸੋਚਾਂ ਦੀ
ਤੱਕੜੀ ਦਾ ਭਾਰ
ਆਪਣੇ ਮੋਢਿਆਂ ਤੇ ਨਹੀਂ ਚੁੱਕਣਾ
ਚਾਹੁੰਦੀ
ਉਹ ਸਿਰਫ਼ ਉਹੀ
ਜੋ ਉਹ ਅਸਲ ਵਿੱਚ ਸੀ
'ਉਹ ਹੀ'
ਰਹਿਣਾ ਚਾਹੁੰਦੀ ਹੈ।
✪

## ਖੁਸ਼ਕਿਸਮਤ

ਉਸਦਾ ਹੱਸਦਾ ਚਿਹਰਾ
ਮਹਿੰਗੇ ਕੱਪੜੇ, ਜੁੱਤੀਆਂ ਤੇ ਪਰਸ
ਇੱਕ ਭੁਲੇਖਾ ਜਿਹਾ ਪਾਉਂਦੇ ਨੇ
ਕਿ
ਉਹ
ਕਿੰਨੀ ਖੁਸ਼ਕਿਸਮਤ ਹੈ
ਖੁਸ਼ਨਸੀਬ ਹੈ
ਪਰ! ਉਹ ਤਾਂ ਧੁਰ ਅੰਦਰੋਂ ਖਾਮੋਸ਼
ਹੋ ਚੁਕੀ ਹੈ

ਤੇ
ਹੁਣ ਉਹ
ਸਿਰਫ਼! ਆਪਣੀ ਖਾਮੋਸ਼ੀ ਨਾਲ ਹੀ
ਗੱਲਾਂ ਕਰਦੀ ਹੈ
ਤੇ ਆਪਣਾ ਆਪ
ਮਹਿੰਗੇ ਕੱਪੜਿਆਂ, ਬਰੈਂਡਿਡ ਜੁੱਤੀਆਂ
ਤੇ ਪਰਸਾਂ
ਵਿੱਚ ਹੀ ਲੁਕਾਈ ਫਿਰਦੀ ਹੈ
ਉਹ ਇੱਕ ਬੁਝਾਰਤ ਹੈ
ਪਰ
ਉਹ ਇਹ ਜਾਣਦੀ ਹੈ
ਕਿ

ਬਾਹਰਲੇ ਰੌਲ਼ੇ ਰੱਪੇ ਨਾਲੋਂ
ਆਪਣੇ ਹੀ
ਅੰਦਰ ਪਏ ਸ਼ੋਰ-ਸ਼ਰਾਬੇ ਨੂੰ ਸਹਿਣ
ਕਰਨਾ
ਬਹੁਤ ਹੀ
ਔਖਾ ਹੈ

ਆਪਣੇ ਘਰ ਦੇ ਸੋਫ਼ੇ ਤੇ ਲੇਟ ਕੇ
ਅੱਖਾਂ ਬੰਦ ਕਰਕੇ
ਉਹ
ਬਾਹਰਲੇ ਰੋਲੇ ਰੱਪੇ ਤੋਂ ਤਾਂ
ਬਚ ਜਾਂਦੀ ਹੈ
ਪਰ
ਆਪਣੇ ਅੰਦਰ ਉੱਠਦੇ ਰੋਲੇ ਰੱਪੇ
ਤੋਂ
ਕਿਵੇਂ ਖਹਿੜਾ ਛੁਡਾਵੇ
ਕਿਉਂਕਿ
ਕੋਈ ਉਸਨੂੰ ਉਸਦੀ ਜ਼ਿੰਦਗੀ ਜਿਉਣ
ਨਹੀਂ ਦੇਣਾ ਚਾਹੁੰਦਾ
ਤੇ ਉਹ
ਹਰ ਰੋਜ਼ ਹਰ ਪਲ਼, ਤਿਲ ਤਿਲ ਕਰਕੇ
ਮਰ ਰਹੀ ਹੈ।
✪

## ਐਕਟਰੈੱਸ

ਉਹ ਇੱਕ ਐਕਟਰੈੱਸ ਹੈ
ਜੋ
ਆਪਣੇ ਚਿਹਰੇ ਤੇ ਇੱਕ ਬਣਾਵਟੀ
ਚਿਹਰਾ ਲਾਈ ਬੈਠੀ ਹੈ
ਉਸ ਜਿਹਾ ਨਾ ਕੋਈ ਹੋਵਣ ਦਾ
ਦੂਸਰਿਆਂ ਨੂੰ ਭਰਮ
ਭੁਲੇਖਾ ਪਾਈ ਬੈਠੀ ਹੈ

ਕਦੇ ਬਹੁਤ ਬਿਮਾਰ ਬਣ ਜਾਂਦੀ ਹੈ
ਕਦੇ ਬਹੁਤ ਲਾਚਾਰ ਬਣ ਜਾਂਦੀ ਹੈ
ਪਰ ਨਾ ਤਾਂ ਉਹ ਬਿਮਾਰ ਹੈ
ਨਾ ਹੀ ਉਹ ਲਾਚਾਰ ਹੈ

ਉਹ ਧੁਰ ਅੰਦਰ ਤੋਂ
ਸੜ੍ਹ ਚੁੱਕੀ
ਇੱਕ ਆਤਮਾ ਹੈ
ਜੋ ਪਲ ਪਲ ਗਿਰਗਿਟ ਵਾਂਗ ਚਿਹਰਾ
ਬਦਲ ਲੈਂਦੀ ਹੈ
ਜਿਸਨੂੰ ਸੜ੍ਹਨਾ ਤੇ ਕੁੜ੍ਹਨਾ ਹੀ
ਆਉਂਦਾ ਹੈ

ਉਸਦੇ ਹਿੱਸੇ ਆਏ ਹਾਸੇ
ਖੋਹ ਲਏ ਜਾਪਦੇ ਨੇ ਕਿਸ ਨੇ ਤੇ
ਉਹ ਹੁਣ ਆਪ ਵੀ
ਹੱਸਣਾ ਭੁੱਲ ਰਹੀ ਹੈ।
✪

## ਆਜ਼ਾਦੀ

ਉਹ ਆਜ਼ਾਦ ਹੋਣਾ ਚਾਹੁੰਦੀ ਹੈ
ਉਸਨੂੰ ਪਹਿਰਿਆਂ ਦੀ ਲੋੜ ਨਹੀਂ
ਨਾ ਕਰੋ ਕੈਦ, ਨਾ ਕਰੋ ਕੈਦ, ਨਾ ਕਰੋ ਕੈਦ
ਉਸਨੂੰ ਪਿੰਜਰਿਆਂ ਦੇ ਵਿੱਚ
ਉਹ ਤਾਂ ਹਵਾ ਹੈ
ਹਵਾ ਵਿੱਚ ਹੀ ਸਾਹ ਲੈਣਾ
ਚਾਹੁੰਦੀ ਹੈ

ਉਹ ਤਾਂ ਅੱਗ ਹੈ
ਸੂਰਜ ਵਾਂਗਰ ਹੀ ਉਦੈ ਹੋਣਾ
ਚਾਹੁੰਦੀ ਹੈ
ਉਹ ਚਾਨਣੀ ਹੈ, ਹਨੇਰੀਆਂ ਰਾਤਾਂ ਲਈ
ਹਰ ਬੁਝਦੇ ਦਿਲ ਤਾਈਂ ਠੰਡਕ ਪਹੁੰਚਾਉਣਾ
ਚਾਹੁੰਦੀ ਹੈ
ਨਾ ਕਤਲ ਕਰੋ, ਨਾ ਕਤਲ ਕਰੋ
ਨਾ ਬੁਝਾਉ ਉਸਦੇ ਅਰਮਾਨਾਂ ਨੂੰ
ਨਾ ਰਾਖ਼ ਕਰੋ ਸੁਫ਼ਨੇ
ਉਹ ਤਾਂ ਇੱਕ ਮੋਮਬੱਤੀ ਹੈ
ਜੋ ਕਿਸੇ ਲਈ ਪਿਘਲਣਾ
ਚਾਹੁੰਦੀ ਹੈ

ਉਸਦੀਆਂ ਰਾਹਵਾਂ ਦੇ ਵਿੱਚੋਂ
ਕਰ ਦਵੋ ਰੁਖ਼ਸਤ
ਰਾਤ ਦੇ ਹਨੇਰਿਆਂ ਨੂੰ
ਉਹ ਤਾਂ ਆਪਣੇ ਘਰ ਦੇ ਚਿਰਾਗਾਂ
ਦੇ ਨਾਲ
ਰਾਹ ਹਰ ਕਿਸੇ ਦਾ ਰਾਹ ਰੁਸ਼ਨਾਉਣਾ
ਚਾਹੁੰਦੀ ਹੈ
ਨਾ ਦਫ਼ਨ ਕਰੋ, ਨਾ ਦਫ਼ਨ ਕਰੋ

ਨਾ ਦਫ਼ਨ ਕਰੋ
ਉਸਦੀਆਂ ਸੋਚਾਂ ਨੂੰ
ਉਹ ਤਾਂ ਸਮਾਜ ਨਵਾਂ ਇੱਕ
ਬਣਾਉਣਾ
ਚਾਹੁੰਦੀ ਹੈ
ਉਹ ਆਜ਼ਾਦ ਹੋਣਾ ਚਾਹੁੰਦੀ ਹੈ
ਨਾ ਤੈਅ ਕਰੋ, ਨਾ ਤੈਅ ਕਰੋ
ਨਾ ਤੈਅ ਕਰੋ, ਨਾ ਤੈਅ ਕਰੋ
ਉਸਦਾ ਮੁਸਤਕਬਿਲ
ਆਪਣੀ ਮਰਜ਼ੀ ਦੇ ਮੁਤਾਬਿਕ
ਉਹ ਆਪਣਾ ਮੁਕਾਮ ਆਪ
ਬਣਾਉਣਾ
ਚਾਹੁੰਦੀ ਹੈ

ਨਾ ਬੰਨ੍ਹੋ ਬੇੜੀਆਂ ਰਸਮਾਂ ਰਿਵਾਜ਼ਾਂ
ਦੀਆਂ
ਉਸਦੇ ਪੈਰਾਂ ਵਿੱਚ
ਉਹ ਆਪਣੀ ਮੰਜ਼ਿਲ ਤੇ ਖ਼ੁਦ ਆਪ
ਜਾਣਾ ਚਾਹੁੰਦੀ ਹੈ
ਗਾਉਂਦੀ ਰਹੀ ਹੈ ਹੁਣ ਤੱਕ ਉਹ
ਗੀਤ ਉਹੀ
ਜੋ ਸਦੀਆਂ ਤੋਂ ਗ਼ੈਰਾਂ ਨੇ ਲਿਖੇ ਸੀ
ਉਸ ਲਈ
ਪਰ ਹੁਣ ਉਹ ਆਪਣੇ ਗੀਤ
ਆਪ ਹੀ
ਗਾਉਂਣਾ ਚਾਹੁੰਦੀ ਹੈ।
✪

## ਸਫ਼ਰ ਜਾਰੀ ਹੈ

ਉਹ ਸੋਚਦੀ ਸੋਚਦੀ ਨਿਰੰਤਰ
ਤੁਰ
ਰਹੀ ਹੈ
ਉਹ ਸੋਚਦੀ ਹੈ
ਹੋਰ ਕਿੰਨੇ ਲੋਕ ਸੋਚ ਸੋਚ ਕੇ
ਤੁਰ ਗਏ
ਹਰ ਵਾਰ ਸੋਚ ਬਦਲਣ ਦੀ
ਕੋਸ਼ਿਸ਼
ਦੇ ਵਿੱਚ

ਪਰ ਲੋਕਾਈ ਦੀ
ਸੋਚ ਨਾ ਬਦਲ ਸਕੇ
ਬੁਰਾਈ ਭਲਾਈ ਦਾ ਸਫ਼ਰ
ਤਾਂ
ਨਿਰੰਤਰ ਜਾਰੀ ਹੈ

ਉਹ ਕਿਸ ਥਾਂ ਦੇ ਬਾਸ਼ਿੰਦੇ ਨੇ
ਜੋ ਹੱਕਾਂ ਲਈ ਲੜਦੇ ਨੇ
ਕਿਉਂ ਆਖ਼ਿਰ ਕਿਉਂ
ਖਾਂਦੇ ਨੇ ਗਾਲ੍ਹਾਂ ਕਿਉਂ ਖਾਂਦੇ ਨੇ
ਪੱਥਰ
ਤੇ ਗਾਲ੍ਹ ਦਿੰਦੇ ਨੇ ਆਪਣੀ ਜਵਾਨੀ
ਦੂਸਰਿਆਂ ਖਾਤਿਰ
ਕਿਉਂ ਨਹੀਂ ਉਹ ਮਾਣਦੇ ਐਸ਼ੋ ਆਰਾਮ
ਜ਼ਿੰਦਗੀ ਦੇ
ਕਿਉਂ ਨਹੀਂ ਬੇਫ਼ਿਕਰ ਹੋ ਕੇ ਸਫ਼ਰ ਕੱਟਦੇ
ਆਪਣਾ
ਕਿਉਂਕਿ
ਲੋਕ ਕਦੋਂ ਕਦਰ ਕਰਦੇ ਨੇ
ਦੁਨੀਆ ਨੂੰ ਬਦਲਣ
ਵਾਲਿਆਂ ਦੀ।
✪

## ਵਿਹਲੜ

ਉਹ ਉੱਠ ਜਾਵੇ ਚਾਹ ਬਣਾਵੇ
ਕੱਪਾਂ ਦੇ ਵਿੱਚ ਪਾ ਕੇ
ਟਰੇਅ ਵਿੱਚ ਸਜਾ ਕੇ
ਸਭ ਨੂੰ ਵਰਤਾਵੇ
ਸੁੱਤੇ ਪਏ ਬੱਚਿਆਂ ਨੂੰ ਉਠਾਵੇ
ਬੁਰਸ਼ ਕਰਵਾਕੇ ਫਿਰ ਨੁਹਾਵੇ
ਕੱਪੜੇ ਪਹਿਨਾ ਖਾਣਾ ਖਵਾਕੇ
ਸਕੂਲ ਛੱਡ ਆਵੇ

ਉਹ ਉੱਠ ਜਾਵੇ
ਤਿਆਰ ਹੋ ਕੇ ਫਿਰ ਉਹ
ਖ਼ੁਦ ਵੀ ਕੰਮ ਤੇ ਜਾਵੇ
ਸਾਰਾ ਦਿਨ ਆਪਣਾ ਆਪ ਖਪਾਵੇ
ਬੱਚਿਆਂ ਨੂੰ ਸਕੂਲੋਂ ਲਿਆਵੇ
ਫਿਰ ਉਹੀ ਰਾਂਝਾ ਗਾਵੇ

ਇਸੇ ਤਰ੍ਹਾਂ ਉਹ ਦਿਨ ਚੜ੍ਹੇ ਹਰ
ਪ੍ਰਕਿਰਿਆ ਨੂੰ
ਚੰਗੀ ਤਰ੍ਹਾਂ ਨਿਭਾਵੇ
ਰਾਤ ਨੂੰ ਵੀ ਸਭਨੇ ਰੋਟੀ ਹੈ ਖਾਣੀ
ਅੱਜ ਹੁਣ ਉਹ ਕੀ ਬਣਾਵੇ
ਸਭ ਕਾਸੇ ਦਾ ਉਸਨੂੰ ਫ਼ਿਕਰ ਸਤਾਵੇ
ਸੋਚਦੀ ਸੋਚਦੀ
ਰਸੋਈ 'ਚ ਉਹ ਫਿਰ ਵੜ ਜਾਵੇ
ਭਾਂਡੇ ਧੋਵੇ ਤੇ ਸੌਂ ਜਾਵੇ

ਇਹ ਹੈ ਉਸਦੀ ਦਿਨ ਚੜ੍ਹਨ ਦੀ
ਪ੍ਰਕਿਰਿਆ
ਜੇ ਘਰ ਰਹਿੰਦੀ ਹੈ ਤਾਂ
ਸਭ ਕੁਝ ਕਰਕੇ ਫਿਰ ਵੀ ਉਹ
ਵਿਹਲੀ ਅਖਵਾਵੇ
ਘਰ ਵਿੱਚ ਕਿੰਨਾ ਰੁੱਝੀ ਰਹਿੰਦੀ ਹੈ
ਇਹ ਸਭ ਕਿਸੇ ਨੂੰ ਵੀ ਨਜ਼ਰ
ਨਾ ਆਵੇ

ਚਾਹੇ ਸਾਰਾ ਦਿਨ ਉਹ ਟੁੱਟਦੀ ਭੱਜਦੀ
ਆਪਣਾ ਦੁੱਖ ਕਿਸੇ ਨੂੰ ਨਾ ਦੱਸਦੀ
ਸਾਰਾ ਦਿਨ ਘਰ ਬੱਝੀ ਰਹਿੰਦੀ
ਕੋਈ ਵੀ ਇਸਦਾ ਮੁੱਲ ਨਾ ਪਾਵੇ
ਦਿਨ ਚੜ੍ਹਦਿਆਂ ਹੀ ਰੁੱਝੀ ਰਹਿਣ ਤੇ ਵੀ
ਕਿਸੇ ਦੇ ਦਿਲ ਨੂੰ ਉਹ
ਰੱਤੀ ਨਾ ਭਾਵੇ
ਬੇਸ਼ੱਕ ਹੈ ਉਸਦੀ ਇਹ ਦਿਨ ਚੜ੍ਹਨ ਦੀ
ਪ੍ਰਕਿਰਿਆ
ਪਰ ਫਿਰ ਵੀ ਉਹ ਵਿਹਲੜ
ਹੀ ਅਖਵਾਵੇ।
✪

# ਸਕੂਨ

ਉਸਨੂੰ ਸਕੂਨ ਮਿਲਦਾ ਹੈ
ਬੇਕਦਰੇ ਲੋਕਾਂ ਨੂੰ ਸ਼ੀਸ਼ਾ ਦਿਖਾਕੇ
ਦਿਲ ਦੇ ਮੈਲ਼ੇ
ਚੰਗੇਪਣ ਦਾ ਚੋਲਾ ਪਾਈ ਜੋ
ਘੁੰਮਦੇ ਨੇ
ਉਹਨਾਂ ਨੂੰ ਉਹਨਾਂ ਦੇ ਚਿਹਰੇ ਦਾ
ਅਸਲ ਸੱਚ ਦਿਖਾਕੇ
ਕਿੰਨਾ ਦਿਲ ਦੁਖਾਇਆ ਉਹਨਾਂ ਨੇ
ਕਿਸੇ ਦਾ
ਸਿਰਫ਼! ਇਹ ਅਹਿਸਾਸ
ਦਿਵਾਉਣ ਨੂੰ

ਪਰ ਸ਼ਾਇਦ
ਉਸਨੂੰ ਨਹੀਂ ਪਤਾ
ਕਿ
ਬੇਸ਼ਰਮ, ਅਹਿਸਾਸਹੀਣ, ਅਹਿਸਾਨ ਫ਼ਰਾਮੋਸ਼
ਅਕ੍ਰਿਤਘਣ ਲੋਕਾਂ ਦੀ ਕੋਈ
ਰੂਹ ਨਹੀਂ ਹੁੰਦੀ
ਉਹ ਤਾਂ ਹਰ ਰੋਜ਼ ਕਿਤੇ ਨਾ ਕਿਤੇ
ਕੋਈ ਨਾ ਕੋਈ
ਜਿਸਮ ਨੋਚ ਰਹੇ ਹੁੰਦੇ ਨੇ ਬਣ ਜੋਕਾਂ
ਖ਼ੂਨ
ਚੂਸਦੇ ਨੇ
ਨਿੱਤ ਕੋਈ ਨਵੀਂ ਰੂਹ ਕਤਲ ਕਰਦੇ ਨੇ
ਕਿਸੇ ਦੀਆਂ ਸੱਧਰਾਂ ਨੂੰ ਲੁੱਟ
ਅਰਮਾਨਾਂ ਨੂੰ ਕਬਰਾਂ ਵਿੱਚ ਦਫ਼ਨ ਕਰਦੇ ਨੇ
ਹੁਣ ਉਸਦਾ ਸਕੂਨ ਹਾਰ ਜਾਂਦਾ ਹੈ
ਤੇ
ਉਸਦਾ ਸਕੂਨ ਫਿਰ ਸਕੂਨ
ਦੀ ਤਲਾਸ਼ ਵਿੱਚ ਨਿਕਲ ਤੁਰਦਾ ਹੈ।
✪

## ਸ਼ਕਤੀ

ਤੂੰ ਹੈਂ ਉਹ ਸਵਿੱਤਰੀ
ਜੋ ਸੱਤਿਆਵਨ ਨੂੰ ਮੌਤ ਦੇ ਮੂੰਹ
ਚੋਂ ਵੀ
ਮੋੜ
ਲਿਆਈ ਸੀ
ਫਿਰ ਕਿਉਂ ਅੱਜ ਤੱਕ
ਕਰਵਾਚੌਥ ਨੂੰ ਤੈਨੂੰ ਹੀ ਭੁੱਖੀ
ਪਿਆਸੀ
ਰਹਿਣਾ ਪੈਂਦਾ ਹੈ ?

ਅੱਜ ਤੱਕ
ਕਿਸੇ ਵੀ ਸੱਤਿਆਵਨ ਨੇ ਤੇਰੇ ਲਈ
ਕੋਈ
ਵੀ ਵਰਤ
ਨਹੀਂ ਰੱਖਿਆ
ਨਾ ਉਸ ਯੁੱਗ ਵਿੱਚ
ਨਾ ਇਸ ਯੁੱਗ ਵਿੱਚ
ਕੋਈ ਸੱਤਿਆਵਨ
ਤੇਰੇ ਲਈ ਭੁੱਖਾ ਪਿਆਸਾ ਰਹਿਣ
ਲਈ
ਤਿਆਰ ਸੀ
ਤੇ ਨਾ ਹੈ

ਫਿਰ ਕਿਉਂ ਸਦੀਆਂ ਤੋਂ ਤੂੰ ਹੀ ਪੂਰਨ
ਹੋਣ ਦਾ ਬੋਝ
ਉਠਾਈ ਫਿਰਦੀ ਹੈਂ
ਕਿਉਂ ਤੈਨੂੰ ਕੋਈ ਸੱਤਿਆਵਨ ਨਹੀਂ
ਮਿਲਦਾ

ਤੇਰਾ ਬੋਝ ਸਾਂਝਾ ਕਰਨ ਨੂੰ
ਅੱਜ ਵੀ ਤਾਂ ਤੂੰ
ਸੱਤਿਆਵਾਨ ਦੇ ਲਈ
ਤੋੜ ਦਿੰਦੀ ਹੈਂ ਹਰ ਅਸੂਲ
ਪਿਆਰ ਮਹੁੱਬਤ ਦੇ ਨਾਮ ਤੇ

ਪਰ
ਜਦ ਕੋਈ ਜਾਨਵਰ ਤੇਰਾ ਮਾਸ
ਖਾਂਦਾ ਹੈ
ਤੇਰਾ ਲਹੂ ਪੀਂਦਾ ਹੈ
ਤੈਨੂੰ ਨਿਬੂੰ ਵਾਂਗ ਨਿਚੋੜ
ਬੇਆਬਰੂ ਕਰ ਸੁੱਟਦਾ ਹੈ
ਫਿਰ ਅੱਜ ਦਾ ਸੱਤਿਆਵਾਨ
ਤੈਨੂੰ
ਅਪਵਿੱਤਰ ਹੋਣ ਕਰਕੇ ਕਿਉਂ
ਛੱਡ ਦਿੰਦਾ ਹੈ
ਉਹ ਕਿਉਂ ਤੇਰੇ ਨਾਲ ਨਹੀਂ
ਖੜ੍ਹਦਾ

ਫਿਰ ਤੂੰ ਕਿਉਂ ਕਰਵਾਚੌਥ ਦੇ ਨਾਮ
ਤੇ
ਹੁਣ ਤੱਕ
ਆਪਣਾ ਸੋਸ਼ਣ ਕਰਵਾਉਂਦੀ ਹੈਂ
ਹੁਣ ਵਰਤ ਰੱਖਣ ਦੀ ਵਾਰੀ ਤੇਰੀ
ਨਹੀਂ ਹੈ
ਲੱਭ ਕੋਈ ਸੱਤਿਆਵਾਨ ਹੁਣ
ਤੇ ਦੱਸਦੇ ਉਸਨੂੰ
ਕਿ ਹੁਣ
ਉਹ ਤੇਰੇ ਲਈ ਭੁੱਖਾ ਪਿਆਸਾ ਰਹੇ
ਬਲਦੀ ਚਿਖ਼ਾ ਵਿੱਚ ਤੇਰੇ ਨਾਲ ਪਵੇ
ਦੇਖ ਹੈ ਕੋਈ ਤਿਆਰ?
ਇਸ ਤਰ੍ਹਾਂ ਦਾ
ਸੱਤਿਆਵਾਨ!
✪

## ਕਰਵਾਚੌਥ

ਹੇ ਔਰਤ!
ਤੂੰ ਕਰਵਾਚੌਥ ਦੇ ਨਾਂ ਤੇ
ਹੁਣ ਆਪਣਾ ਸੋਸ਼ਣ ਨਾ ਹੋਣ ਦੇਵੀਂ
ਪਰ ਜੇਕਰ
ਸਦੀਆਂ ਤੋਂ ਚਲੀ ਇੱਕ ਰੀਤ ਦੇ
ਨਾਮ ਤੇ
ਤੂੰ
ਸਜਣਾ-ਸੰਵਰਨਾ ਚਾਹੁੰਦੀ ਹੈਂ
ਆਪਣੇ ਦਿੱਲ ਨੂੰ ਤਸੱਲੀ
ਆਪਣੇ ਮਨ ਨੂੰ ਖ਼ੁਸ਼ੀ
ਦੇਣਾ ਚਾਹੁੰਦੀ ਹੈਂ
ਤਾਂ
ਮੈਂ ਤੇਰੇ ਨਾਲ ਹਾਂ

ਜਾਹ!
ਖ਼ੁਸ਼ੀ ਮਨਾ
ਪਰ ਇਸ ਲਈ ਤੈਨੂੰ
ਭੁੱਖਾ ਪਿਆਸਾ ਰਹਿਣ ਦੀ ਕੋਈ
ਲੋੜ ਨਹੀਂ!!
ਪਤੀ ਧਰਮ ਨਿਭਾਉਣ ਲਈ
ਢੌਂਗ ਰਚਣ, ਪ੍ਰਪੰਚ ਕਰਨ ਦੀ ਕੋਈ
ਲੋੜ ਨਹੀਂ
ਤੂੰ ਹੁਣ ਆਜ਼ਾਦ ਹੈਂ
ਤੂੰ ਰੱਜ ਕੇ ਖਾ
ਰੱਜ ਕੇ ਪੀ
ਨੱਚਦੀ ਰਹਿ
ਹੱਸਦੀ ਰਹਿ
ਵੱਸਦੀ ਰਹਿ
ਮੈਂ ਤੇਰੇ ਨਾਲ ਹਾਂ
ਜਾ ਤੂੰ ਸਦਾ ਸਦਾ ਲਈ
ਖ਼ੁਸ਼ੀਆਂ ਖੇੜੇ ਮਾਣ।
✪

# ਔਰਤ

ਮੈਂ ਔਰਤ
ਮੈਂ ਸੋਹਣੀ ਹਾਂ
ਜੋ ਸ਼ੂਕਦੇ ਝਨਾਂ ਵਿੱਚ ਰੁੜ੍ਹੀ
ਮੈਂ ਉਹ ਸੱਸੀ ਹਾਂ
ਜੋ ਥਲਾਂ ਵਿੱਚ ਸੜ੍ਹੀ
ਮੈਂ ਉਹ ਸਾਹਿਬਾਂ ਹਾਂ
ਜੋ ਭਰਾਵਾਂ ਹੱਥੋਂ ਮਰੀ
ਮੈਂ ਲੈਲਾ ਹਾਂ, ਜਿਸ ਨੇ ਸੀ
ਸਹੀ ਪੱਥਰਾਂ ਦੀ ਝੜੀ
ਮੈਂ ਸੀਰੀ ਹਾਂ ਜੋ ਅੱਜ ਵੀ
ਭ੍ਰਾਂਤੀਆਂ ਵਿੱਚ ਹਾਂ ਖੜ੍ਹੀ
ਮੈਂ ਉਹ ਅਨਾਰਕਲੀ ਹਾਂ
ਮੈਂ ਹੀ ਉਹ ਹਾਂ ਅਨਾਰਕਲੀ ਹਾਂ
ਜੋ ਜਿਉਂਦੇ ਜੀਅ ਦੀਵਾਰ ਵਿੱਚ
ਕੀਤੀ ਗਈ ਸੀ ਖੜ੍ਹੀ

ਮੈਂ ਜਣਨੀ ਹਾਂ ਬਾਬੇ ਨਾਨਕ ਦੀ ਵੀ
ਜਣਨੀ ਹਾਂ ਗੁਰੂ ਗੋਬਿੰਦ ਦੀ ਵੀ
ਮੈਂ ਮਾਂ ਹਾਂ ਦੇਵਕ ਕ੍ਰਿਸ਼ਨ
ਕਨ੍ਹੱਈਆ ਦੀ
ਮੈਂ ਹੀ ਮਾਂ ਹਾਂ
ਯਸ਼ੋਦਾ ਮਈਆ
ਦੇਵਕੀ ਨੰਦਨ ਦੀ

ਮੈਂ ਰਾਜਿਆਂ ਮਹਾਂਪੁਰਸ਼ਾਂ
ਤੇ ਯੋਧਿਆਂ ਦੀ ਜਣਨੀ ਹਾਂ
ਫਿਰ ਕਿਉਂ, ਫਿਰ ਕਿਉਂ ਅੱਜ ਤੱਕ
ਮੇਰਾ ਅਸਤਿਤਵ ਗਵਾਚਾ ਹੈ ਫਿਰਦਾ

ਫਿਰ ਕਿਉਂ, ਮੈਂ ਵਿੱਚ ਬਜ਼ਾਰਾਂ ਰੁਲ਼ਦੀ
ਪਈ ਹਾਂ
ਕਿਉਂ ਇਕੱਲੀ ਹੀ ਤੁਰੀ
ਫਿਰਦੀ ਹਾਂ

ਕਿਉਂ ਅੱਜ ਵੀ ਇਸਤੇਮਾਲ ਹੀ
ਕੀਤੀ ਜਾਂਦੀ ਹਾਂ
ਦਰੋਪਤੀ ਵਾਂਗਰ ਸਦੀਆਂ ਤੋਂ
ਲਿਤਾੜੀ ਜਾਂਦੀ ਹਾਂ
ਵਿੱਚ ਚੌਰਾਹਿਆਂ ਅੱਜ ਵੀ
ਹੈਵਾਨਾਂ ਦੇ ਹੱਥੋਂ
ਮੇਰੀ ਇਜ਼ੱਤ ਉਤਾਰੀ ਜਾਂਦੀ ਹੈ
ਤਾਹਨੇ-ਮਿਹਣੇ ਦੇ ਕੇ ਹਰ ਰੋਜ਼
ਮਾਰੀ ਜਾਂਦੀ ਹਾਂ

ਮੈਂ ਉਹੀ ਸੀਤਾ ਹਾਂ ਅੱਜ ਵੀ
ਜਿਸ ਉੱਪਰ ਝੂਠੇ ਇਲਜ਼ਾਮ
ਲੱਗਦੇ ਨੇ
ਅੱਜ ਵੀ ਮੈਨੂੰ ਮੇਰੇ ਆਪਣੇ
ਮੇਰੇ ਹੀ ਘਰ ਤੋਂ ਧੱਕੇ ਮਾਰਕੇ ਕੱਢਦੇ ਨੇ
ਰਾਵਣ ਤਾਂ ਸਿਰਫ਼ ਬਦਨਾਮ ਹੀ
ਸੀ ਹੋਇਆ
ਮੇਰੇ ਹੀ ਮੇਰੇ ਤੇ ਪਏ ਹੱਸਦੇ ਨੇ
ਪਰਦੇ ਵਿੱਚ ਮੈਨੂੰ ਹੀ ਧੱਕਦੇ ਨੇ
ਹਰ ਪਲ਼ ਰੁਸਵਾ ਕਰਦੇ ਨੇ
ਉਹ ਕੱਲ੍ਹ ਵੀ ਤੇ ਅੱਜ ਵੀ
ਆਪਣੇ ਹੀ ਫ਼ਰਮਾਨ ਮੇਰੇ ਤੇ ਪਏ
ਮੜ੍ਹਦੇ ਨੇ
ਮੇਰੀ ਹਿੱਕ ਤੇ ਅੱਗ ਦੇ ਗੋਲ਼ੇ
ਧਰਦੇ ਨੇ

ਜੋ ਕੱਲ੍ਹ ਧਰਮ ਦੇ ਨਾਂ ਤੇ
ਮੈਨੂੰ
ਜਿਉਂਦਿਆਂ ਹੀ ਚਿਖ਼ਾ ਵਿੱਚ

ਬਿਠਾਉਂਦੇ ਸੀ
ਅੱਜ ਵੀ ਉਹੀ ਦਾਜ ਦੇ ਨਾਂ ਤੇ ਪਏ
ਜਲਾਉਂਦੇ ਨੇ
ਮੈਂ ਅੱਜ ਵੀ ਉਹੀ
ਸੱਸੀ, ਸੋਹਣੀ, ਸਾਹਿਬਾਂ, ਸੀਗੀ,
ਲੈਲਾ, ਸਹਿਤੀ ਤੇ
ਅਨਾਰਕਲੀ ਹਾਂ
ਜਿਸਦੇ ਅਜੇ ਤੀਕ ਵੀ ਹਾਲਾਤ
ਨਹੀਂ ਬਦਲੇ।
✪

## ਸੋਚ

ਔਰਤ ਦਾ ਤਾਂ ਤਨ-ਮਨ
ਨਾ ਬਹਿਕੇ
ਜਦ ਕਦੇ ਆਦਮ ਦਾ ਤਨ ਨੰਗਾ
ਉਹ ਦੇਖੇ
ਫਿਰ ਆਦਮੀ ਕਿਉਂ ਵਹਿਸ਼ੀ
ਬਣ ਜਾਵੇ
ਔਰਤ ਦਾ ਜਦੋਂ ਉਹ ਨੰਗੇਜ਼
ਜਾ ਦੇਖੇ

ਅਧਨੰਗੇ ਕੱਪੜੇ ਅੱਧਨੰਗੇ ਕੱਪੜੇ!
ਅਧਨੰਗੇ ਕੱਪੜੇ!!
ਅੱਜ ਕੱਲ੍ਹ ਇਹ ਰੌਲ਼ਾ ਜਿਹਾ ਹੈ ਪੈਂਦਾ
ਪਰ ਲੱਗਦਾ ਹੈ
ਇਹ ਤਾਂ
ਇੱਕ ਬਹਾਨਾ ਹੈ
ਮਰਦ ਦੀ
ਕੋਝੀ ਸੋਚ ਨੂੰ ਢੱਕਣ ਲਈ
ਵਹਿਸ਼ੀ ਆਦਮੀ ਤਾਂ ਕੱਪੜਿਆਂ ਦੇ
ਥਾਨ ਵਿੱਚ ਲਿਪਟੀ
ਹੋਈ ਔਰਤ ਨੂੰ ਦੇਖਕੇ ਵੀ ਦਰਿੰਦਾ
ਬਣ ਜਾਂਦਾ ਹੈ
ਉਹ ਕਿਉਂ ਉਸਦਾ ਢਿੱਡੋਂ ਜਾਇਆ
ਨਹੀਂ ਬਣਦਾ
ਕਿਉਂ ਆਪਣੀ ਹੀ
ਜਣਨੀ ਦੇ ਅੰਗ ਪਿਆ
ਕੋਂਹਦਾ ਹੈ।
✪

## ਦਰਦ-ਏ-ਦਿੱਲ

ਸੁਣਨਾ ਨਾ ਸੁਣਾਉਣਾ ਉਹ ਚਾਹਵੇ
ਕਿਸ ਗਰ੍ਹਾਂ ਉਹ ਉੱਜੜ ਜਾਵੇ
ਕਿਸਦੀ ਗੋਦੀ ਸਿਰ ਰੱਖ ਉਹ
ਸੌਣ ਜਾਵੇ
ਕਿਸਦੇ ਮੋਢੇ ਲੱਗਕੇ ਉਹ ਰੋਵੇ
ਕਿਸਨੂੰ ਦਿਲ ਦਾ ਹਾਲ ਸੁਣਾਵੇ
ਸੁਣਨਾ ਨਾ ਸੁਣਾਉਣਾ ਉਹ ਚਾਹਵੇ
ਕਿੱਥੇ ਆਪਣਾ ਆਪ ਛੁਪਾਵੇ
ਭੱਜਕੇ ਕਿੱਥੇ ਉਹ ਚਲੀ ਜਾਵੇ

ਕਿਸੇ ਨੇ ਨੋਚ ਲਈ ਹੈ ਉਸਦੀ
ਬੋਟੀ ਬੋਟੀ
ਕਿਸ ਨੂੰ ਜ਼ਖਮ ਉਹ ਦਿਖਾਉਣ ਜਾਵੇ
ਕਿਸ ਨੂੰ ਦਿਲ ਦਾ ਦਰਦ ਦਿਖਾਵੇ
ਰੂਹ ਉਸਦੀ ਹੁਣ ਮਰ ਚੁੱਕੀ ਹੈ
ਉਹ ਕਿਸ ਥਾਂ ਤੇ ਉਸ ਨੂੰ
ਦੱਬਣ ਜਾਵੇ
ਸੀਨਾ ਉਸਦਾ ਛਲਣੀ ਕਿੰਝ ਹੋਇਆ
ਕਿਸ ਮਹਿਰਮ ਨੂੰ ਦੱਸਣ ਉਹ ਜਾਵੇ

ਕੋਈ ਨਹੀਂ ਹੈ, ਜਿਸਨੂੰ ਦਿਲ ਦਾ ਹਾਲ
ਸੁਣਾਵੇ
ਸੁਣਨਾ ਨਾ ਉਹ ਸੁਣਾਉਣਾ ਚਾਹਵੇ
ਬੇਸ਼ੱਕ ਅੰਬਰੀਂ ਪਹੁੰਚ ਚੁੱਕੀ ਹੈ
ਆਪਣੇ ਅਕਸ ਤੋਂ ਵੀ ਘਬਰਾਵੇ
ਹਰ ਥਾਂ ਤੇ ਉਹ ਲੁੱਟੀ ਹੈ ਜਾਂਦੀ
ਮਸੂਮ ਜਿੰਦ ਹੁਣ ਕਿੱਧਰ ਨੂੰ ਜਾਵੇ
ਬੇਸ਼ੱਕ ਜੱਗ ਦੀ ਉਹ ਜਣਨੀ ਹੈ
ਫਿਰ ਵੀ ਅਬਲਾ ਹੀ ਉਹ ਕਹਾਵੇ
ਸੁਣਨਾ ਨਾ ਸੁਣਾਉਣਾ ਚਾਹਵੇ

ਚਾਰੇ ਪਾਸੇ ਹਰ ਕੋਨੇ ਤੇ ਦਰਿੰਦੇ ਨੇ ਬੈਠੇ
ਕਿੱਥੇ ਆਪਣਾ ਆਪ ਛੁਪਾਵੇ
ਹੁਣ ਕੋਈ ਆਹਟ ਵੀ ਸੁਣ ਉਹ
ਡਰ ਜਾਂਦੀ ਹੈ
ਪਰਛਾਵੇਂ ਤੋਂ ਵੀ ਆਪਣੇ ਉਹ ਨਜ਼ਰ
ਚੁਰਾਵੇ
ਯਕੀਨ ਜੋ ਉਸਦਾ ਖਿੰਡ ਚੁੱਕਿਆ ਹੈ
ਕਿੱਥੋਂ ਉਸ ਨੂੰ ਉਹ ਲੱਭਣ ਜਾਵੇ
ਸੁਣਨਾ ਨਾ ਸੁਣਾਉਣਾ ਚਾਹਵੇ
ਚੀਖੇ ਰੋਵੇ ਤੇ ਕੁਰਲਾਵੇ

ਸੂਰਜ ਦੀ ਧੁੱਪ ਤੇ ਜੋ ਮਰਦੀ ਸੀ
ਦਿਲ ਦੀ ਅੱਗ ਵਿੱਚ ਹੁਣ ਝੁਲਸੀ ਜਾਵੇ
ਹੱਥ ਜੋੜ ਸਿਸਕੀਆਂ ਉਹ ਲੈ ਕੇ
ਜ਼ਾਲਮ ਅੱਗੇ ਉਹ ਵਾਸਤੇ ਪਾਵੇ
ਸੁਣਨਾ ਨਾ ਸੁਣਾਉਣਾ ਉਹ ਚਾਹਵੇ
ਸੌ ਸੌ ਉਮਰਾਂ ਉਹ ਮਰਦੀ ਹੈ
ਬੁੱਢੜੇ ਦੇ ਜਦੋਂ ਲੜ ਲਗਦੀ ਹੈ

ਮੈਂ ਵੀ ਤੇਰੀ ਧੀ ਵਰਗੀ ਹਾਂ
ਬਖਸ਼ ਦੇ ਮੈਨੂੰ ਹੱਥ ਚਰਨੀਂ ਲਾਵੇ
ਉੱਚੀ ਉਚੀ ਚੀਕਾਂ ਮਾਰੇ
ਚੀਖ਼ ਚੀਖ਼ ਉਹ ਵਾਸਤੇ ਪਾਵੇ
ਕਿਸਨੂੰ ਦਰਦ-ਏ-ਦਿੱਲ ਸੁਣਾਵੇ

ਅੰਗ ਅੰਗ ਉਸਦਾ ਨੋਚ ਹੈ ਸੁੱਟਿਆ
ਕੋਈ ਨਹੀਂ ਹੈ ਉਸਨੂੰ ਜੋ ਸੀਨੇ ਲਾਵੇ
ਬਾਲਣ ਵਾਂਗਰ ਉਹ ਬਲ਼ ਚੁੱਕੀ ਹੈ
ਜਿੰਦ ਰੋਜ਼ ਰੋਜ਼ ਧੁਖ਼ਦੀ ਜਾਵੇ
ਕੋਈ ਨਹੀਂ ਉਸਦੇ ਦਿਲ ਦਾ ਦਾਰੂ
ਸਾਰੀ ਉਮਰ ਇਹ ਦਰਦ ਹੰਢਾਵੇ
ਸੁਣਨਾ ਨਾ ਉਹ ਸੁਣਾਉਣਾ ਚਾਹਵੇ
ਕਿਸਨੂੰ ਦਰਦ-ਏ-ਦਿਲ ਸੁਣਾਵੇ।
✪

## ਸ਼ੋਸਣ

ਔਰਤ ਜਦ ਤੱਕ ਨਾ ਕਹੇ
ਕਿ ਤੂੰ
ਛੂਹ ਲੈ ਮੈਨੂੰ
ਪਿਆਰ ਦੇ ਨਾਂ ਤੇ ਉਸਦੇ ਅੰਗਾਂ ਨੂੰ
ਛੂਹਣਾ
ਬੁੱਲਾਂ ’ਚ ਲੈ ਮੁਸੱਕੜੀ
ਗੰਦੀ ਨਜ਼ਰ ਨਾਲ ਤੱਕਣਾ
ਪਿਆਰ ਦੀ ਆੜ ਵਿੱਚ ਉਸਦੇ ਵਾਲਾਂ
ਨੂੰ ਸਹਿਲਾਉਣਾ
ਪਿਆਰ ਨਹੀਂ
ਉਸਦਾ ਸ਼ੋਸ਼ਣ ਹੈ

ਵੱਖਰੇ ਵੱਖਰੇ ਨਾਂਵਾ ਦੇ ਨਾਲ ਉਸਨੂੰ
ਬੁਲਾਉਣਾ
ਸੜਕਾਂ ਤੇ ਖੜ੍ਹਕੇ ਸੀਟੀਆਂ ਮਾਰ ਮਾਰ
ਉਸਦੇ ਪਿੱਛੇ ਪਿੱਛੇ ਆਉਣਾ
ਜੋ ਸ਼ਬਦ ਉਹ ਸੁਣਨਾ ਨਹੀਂ ਚਾਹੁੰਦੀ
ਪਰ! ਫਿਰ ਵੀ
ਉਸਨੂੰ ‘ਆਈ ਲਵ ਯੂ’ ‘ਆਈ ਲਵ ਯੂ’
ਕਹਿ ਕੇ
ਫ਼ਸਾਉਣਾ ਤੇ ਫਿਰ ਡਰਾਉਣਾ
ਪਿਆਰ ਨਹੀਂ
ਉਸਦਾ ਸ਼ੋਸ਼ਣ ਨਾ ਹੈ

ਸੁਫ਼ਨਿਆਂ ਨੂੰ ਸਜਾਕੇ
ਉਸਨੂੰ ਭਰਮਾਕੇ
ਕਈ ਸ਼ਬਜ ਬਾਗ ਦਿਖਾ ਕੇ
ਪਿਆਰ ਦੇ ਨਾਂ ਤੇ ਉਸਨੂੰ ਲੁੱਟਣਾ
ਉਸਦਾ ਦਿਲ ਤੋੜ ਦੇਣਾ
ਸਿਰਫ਼ ਧੋਖਾ ਹੀ ਨਹੀਂ
ਉਸਦਾ ਸ਼ੋਸ਼ਣ ਕਰਨਾ ਹੈ।
✪

## ਨਜ਼ਰ

ਉਸ ਨੂੰ ਉਸਦੇ ਖ਼ਿਆਲਾਂ ਤੇ ਸੋਚ 'ਚੋਂ
ਵਹਿਸ਼ੀਪਨ ਦੀ ਬੋਅ ਆਉਂਦੀ ਹੈ
ਜਦੋਂ
ਉਹ ਉਸਦੇ ਸਾਹਮਣੇ
ਕਿਸੇ ਹੋਰ ਔਰਤ ਨੂੰ ਗੰਦੀ ਨਜ਼ਰ ਨਾਲ
ਤੱਕਦਾ ਹੈ
ਤੇ
ਨਾਪਣ ਲੱਗਦਾ ਹੈ
ਉਸਦੇ ਜਿਸਮ ਦਾ ਅਕਾਰ ਤੇ
ਅੰਗਾਂ ਦੀ ਗੋਲਾਈ

ਉਸਦੇ ਸਾਹਮਣੇ ਹੀ ਉਸਦੀਆਂ ਨਜ਼ਰਾਂ
ਔਰਤ ਦੇ ਕੱਪੜਿਆਂ ਵਿੱਚੋਂ ਦੀ ਪਾਰ
ਜਾਕੇ
ਤਹਿ ਕਰਦੀਆਂ ਨੇ
ਉਸ ਔਰਤ ਦੇ ਜਿਸਮ ਦਾ ਆਕਾਰ
ਕਿ
ਉਹ ਅੰਦਰੋਂ ਕਿਸ ਤਰ੍ਹਾਂ ਦੀ ਹੈ
ਤੇ
ਉਸਦੇ ਜਿਸਮ ਦੀ ਤਾਸੀਰ ਕੀ ਹੈ

ਉਦੋਂ ਉਸਨੂੰ ਉਹ ਬਹੁਤ ਛੋਟਾ ਜਿਹਾ
ਆਦਮੀ ਜਾਪਦਾ ਹੈ
ਜਿਸਦੀ
ਨਜ਼ਰ ਬਹੁਤ ਘਿਨਾਉਣੀ ਤੇ ਸੋਚ
ਬਹੁਤ ਕਮੀਨੀ ਹੈ

ਉਹ ਉਸਦੀ ਕਲਪਨਾ ਦਾ ਆਦਮੀ
ਨਹੀਂ ਹੈ
ਉਸਨੂੰ ਉਹ
ਬਹੁਤ ਹੀ ਹੋਛਾ, ਛੋਟਾ ਜਿਹਾ
ਛੋਟੀ ਸੋਚ ਦਾ ਫਾਲਤੂ ਜਿਹਾ
ਵਹਿਸ਼ੀਪਣ ਨਾਲ ਭਰਿਆ
ਇੱਕ ਆਮ ਜਿਹਾ ਬੌਣਾ ਆਦਮੀ
ਲੱਗਦਾ ਹੈ।
✪

## ਖੋਜ

ਉਸਨੂੰ ਇਸ ਸ਼ਹਿਰ ਵਿੱਚ ਇੰਝ
ਲੱਗਦਾ ਹੈ
ਕਿ
ਇੱਥੇ ਉਸਦਾ ਕੋਈ ਘਰ ਨਹੀਂ ਹੈ

ਇਸ ਚਾਰਦੀਵਾਰੀ ਵਿੱਚ
ਉਸਦੇ ਪਰ ਕੁਤਰ ਦਿੱਤੇ ਗਏ ਨੇ
ਤੇ ਉਸਨੂੰ ਇੱਕ ਪਿੰਜਰੇ ਵਿੱਚ ਡੱਕ
ਦਿੱਤਾ ਗਿਆ ਹੈ

ਤੇ ਉਹ
ਅਜੇ ਤੀਕ ਆਪਣੇ ਘਰ ਦੀ
ਤਲਾਸ਼ ਕਰ ਰਹੀ ਹੈ।
✪

## ਮਾਡਲ

ਤੂੰ ਕੋਈ
ਸਜਾਵਟ ਦਾ ਸਮਾਨ ਨਹੀਂ ਹੈਂ
ਕਿ ਕੋਈ ਜਿੱਥੇ ਵੀ ਚਾਹਵੇ
ਤੈਨੂੰ ਟਿਕਾ ਦੇਵੇ
ਕੋਈ ਵੀ ਆ ਕੇ ਤੈਨੂੰ
ਕਦੀ ਇਸ ਕੋਨੇ ਵਿੱਚ ਤੇ ਕਦੀ ਉਸ ਕੋਨੇ
ਵਿੱਚ ਖੜ੍ਹਾ ਦੇਵੇ
ਤੇ ਇਹ ਦੱਸੇ ਕਿ
ਤੂੰ ਇੱਥੇ ਨਹੀਂ ਉੱਥੇ ਸੋਹਣੀ
ਲੱਗਦੀ ਹੈਂ

ਤੂੰ ਕੋਈ ਬਣਾਵਟੀ
ਸਜਾਵਟੀ
ਮੂਰਤੀ ਨਹੀਂ ਹੈਂ
ਜਿਸ ਨੂੰ ਇਸ ਪੂੰਜੀਵਾਦੀ ਯੁੱਗ ਵਿੱਚ
ਸਰਮਾਏਦਾਰ
ਸਿਰਫ਼ ਤੇ ਸਿਰਫ਼
ਆਪਣਾ ਮਾਲ ਵੇਚਣ ਲਈ
ਤੇ ਮੇਕਅੱਪ ਦਾ ਸਮਾਨ ਵੇਚਣ ਲਈ
ਤੇ
ਪੋਜ਼ ਬਣਾਉਣ ਲਈ ਹੀ ਵਰਤਣ

ਤੇ ਫਿਰ
ਨਿਯਮ ਬਣਾ ਦੇਵਣ ਕਿ ਤੂੰ ਕਿਸ
ਤਰ੍ਹਾਂ ਦੇ

ਕੱਪੜੇ ਪਹਿਨੇਂਗੀ
ਕਿਵੇਂ ਤੁਰਨਾ ਹੈ
ਕਿਵੇਂ ਬੈਠਣਾ ਹੈ
ਕਿਵੇ ਸੌਣਾ ਹੈ
ਕਿਵੇ ਜਾਗਣਾ ਹੈ

ਕੀ ਖਾਣਾ ਹੈ
ਕੀ ਪੀਣਾ ਹੈ
ਤੂੰ ਮੋਟੀ ਨਹੀਂ ਪਤਲੀ ਹੀ ਰਹਿਣੀ
ਚਾਹੀਦੀ ਹੈਂ
ਕਿਉਂਕਿ
ਤੂੰ ਤਾਂ ਸਾਡੀ ਬਿੱਲੀ ਬਣ ਕੈਟ ਵਾਕ
ਕਰਨੀ ਹੈ

ਫਿਰ ਆਖਿਰ ਉਹ ਹੀ ਤਹਿ ਕਰਨਗੇ
ਤੇਰੀ ਉਮਰ ਵੀ
ਕਿ ਤੂੰ!
ਸਿਰਫ਼ ਐਨੇ ਕੁ ਸਾਹ ਹੀ
ਜੀਣਾ ਹੈ।
✪

## ਮੇਰੇ ਕਾਤਿਲ
## (ਇਹ ਕਵਿਤਾ ਗੌਰੀ ਲੰਕੇਸ਼ ਨੂੰ ਸਮਰਪਿਤ ਹੈ)

ਸੀਨਾ ਤਾਂ ਛਲਣੀ ਕਰ ਗਿਆ
ਬੁਜ਼ਦਿਲ ਕਾਇਰ ਏ ਮੇਰੇ ਕਾਤਿਲ
ਮੇਰੀ ਬੁਲੰਦ ਆਵਾਜ਼ ਨੂੰ ਮਿਟਾਕੇ
ਤੂੰ ਦਿਖਾ!
ਚਿਖ਼ਾ ਤੇ ਜੋ ਤੂੰ ਮੈਨੂੰ ਹੈਂ
ਬਿਠਾ ਗਿਆ
ਆ ਭਖਦਿਆਂ ਅੰਗਿਆਰਿਆ ਤੇ
ਪੈਰ ਧਰ
ਮੇਰਿਆਂ ਚੰਗਿਆੜਿਆਂ ਨੂੰ ਹੁਣ
ਬੁਝਾ ਕੇ ਦਿਖਾ

ਬੁਜ਼ਦਿਲ ਕਾਇਰ ਏ ਮੇਰੇ ਕਾਤਿਲ
ਮੈਂ ਕਬਰਾਂ ਵਿੱਚੋਂ ਵੀ ਉੱਠ
ਬੋਲਾਂਗੀ
ਅੰਬਰਾਂ ਵਿੱਚ ਵੀ ਗੂੰਝੇਗੀ
ਸੱਚ ਦੀ ਆਵਾਜ਼
ਧੁਖ਼ਦਿਆਂ ਸੁਫ਼ਨਿਆਂ ਨੂੰ ਮਿਟਾ ਕੇ
ਤੂੰ ਦਿਖਾ
ਯਾਦ ਨੂੰ ਮੇਰੀ ਆ ਮਿਟਾ ਕੇ
ਦਿਖਾ
ਮੈਂ ਇਤਿਹਾਸ ਹਾਂ
ਤੂੰ ਮੈਨੂੰ ਦਫ਼ਨਾ ਕੇ ਦਿਖਾ
ਬੁਜ਼ਦਿਲ ਕਾਇਰ ਏ ਮੇਰੇ ਕਾਤਿਲ!
ਔਜ਼ਾਰ ਤਾਂ ਹੋਰ ਵੀ ਘੜਨਗੇ
ਬਥੇਰੇ
ਤੂੰ ਖੁੰਢੇ ਹੋਏ ਦਗ਼ਦੇ ਹੋਇਆਂ ਨੂੰ ਮਿਟਾਕੇ
ਤਾਂ ਦਿਖਾ
ਅਜੇ ਤਾਂ ਅੰਗਿਆਰ ਭੜਕਣਗੇ
ਹੋਰ ਵੀ
ਤੂੰ ਪਹਿਲੀਆਂ ਚੰਗਿਆੜੀਆਂ ਨੂੰ

ਬੁਝਾ ਕੇ ਤਾਂ ਦਿਖਾ
ਜਿੰਦਾ ਰਹਾਂਗੀ ਮੈਂ ਤਾਂ ਮਰ ਕੇ ਵੀ
ਤੂੰ ਵਾਰ ਵਾਰ ਮੈਨੂੰ ਕਤਲ ਕਰਕੇ
ਤਾਂ ਦਿਖਾ
ਬੁਜ਼ਦਿਲ ਕਾਇਰ ਏ
ਮੇਰੇ ਕਾਤਿਲ।
✪

## ਖ਼ੂਨ ਦੇ ਛਿੱਟੇ
### (ਇਹ ਕਵਿਤਾ ਵੀ ਗੌਰੀ ਲੰਕੇਸ਼ ਨੂੰ ਸਮਰਪਿਤ ਹੈ)

ਭਖ਼ਦੀਆਂ ਚਿੰਗਾੜੀਆਂ ਨੂੰ
ਬੁਝਾਇਆ ਗਿਆ
ਸੱਚ ਨੂੰ ਇੱਕ ਵਾਰ ਫਿਰ
ਝਟਕਾਇਆ ਗਿਆ
ਸੂਰਜ ਨੂੰ ਕਤਲ ਕਰਾਇਆ
ਗਿਆ
ਦੀਪ ਇੱਕ ਹੋਰ ਬੁਝਾਇਆ
ਗਿਆ

ਖ਼ੂਨ ਦੇ ਛਿੱਟਿਆਂ ਦੇ ਨਾਲ
ਦਿੱਲ ਕਈਆਂ ਦਾ ਤੜਫਾਇਆ
ਗਿਆ
ਵਿਸ਼ਵਾਸ਼ਘਾਤ ਇੱਕ ਕਮਾਇਆ
ਗਿਆ
ਫ਼ਿਜ਼ਾ ਵਿੱਚ ਮਾਤਮ ਫ਼ੈਲਾਇਆ
ਗਿਆ
ਹਰ ਸ਼ਖਸ ਸੀ ਚੀਕ ਰਿਹਾ
ਹਰ ਥਾਂ ਤੇ ਸੀ ਵੈਰਾਨਗੀ
ਜਦ ਸੱਚ ਨੂੰ ਦਿਨ ਦੀਵੀ ਕਤਲ
ਕਰਵਾਇਆ ਗਿਆ
ਜਦ ਝੂਠ ਇੱਕ ਵਾਰ ਫਿਰ
ਜਤਾਇਆ ਗਿਆ
ਸੱਚ ਨੂੰ ਫ਼ਿਰ ਖ਼ੂਨ ਨਾਲ
ਨੁਹਾਇਆ ਗਿਆ।
✪

## ਔਰਤ

ਜਦ ਤੱਕ ਔਰਤ ਵਸਤੂ
ਬਣੀ ਰਹੇਗੀ
ਬਜ਼ਾਰ ਵਿੱਚ ਉਹ
ਵਿੱਕਦੀ ਰਹੇਗੀ

ਜਦ ਤੱਕ ਸ਼ਿੰਗਾਰ ਦੀ ਮੂਰਤ
ਬਣੀ ਰਹੇਗੀ
ਹੈਵਾਨੀਅਤ ਦਾ ਸ਼ਿਕਾਰ
ਹੁੰਦੀ ਰਹੇਗੀ।
✪

## ਬੇਪਰਵਾਹੀ

ਉਸ ਨੇ ਕਿਹਾ
ਹੁਣ ਤੂੰ ਕੋਈ ਵੀ ਨਾਮ ਰੱਖਦੇ
ਮੇਰਾ
ਕੋਈ ਫ਼ਰਕ ਨਹੀਂ ਪੈਂਦਾ

ਮੈਂ ਆਪਣੇ
ਅਸਤਿਤਵ ਦੇ ਨਾਲ ਬਹੁਤ
ਖੁਸ਼ ਹਾਂ
ਮੈਂ ਆਪਣੀ
ਹੋਂਦ ਤੋਂ ਮੁਨਕਰ ਨਹੀਂ ਹਾਂ

ਹੁਣ ਮੈਂ ਆਪਣੀ ਹੋਂਦ
ਨਿਹੋਂਦ ਦਾ ਇਤਿਹਾਸ
ਖ਼ੁਦ ਲਿਖਾਂਗੀ।
✪

## ਅਲਵਿਦਾ

ਉਹ ਰਿਸ਼ਤੇ
ਜੋ
ਤੈਨੂੰ
ਰਿਸ਼ਤਿਆਂ 'ਚ ਮਨਫ਼ੀ ਕਰਕੇ
ਲੋਕਾਂ ਦੀ ਇੱਕ ਕਤਾਰ 'ਚ ਖੜ੍ਹਾ
ਕਰ ਦੇਵਣ
ਹੁਣ ਤੂੰ
ਇਨ੍ਹਾਂ ਰਿਸ਼ਤਿਆਂ ਨੂੰ ਅਲਵਿਦਾ
ਕਹਿ ਦੇ

ਕਿਉਂਕਿ
ਹੁਣ ਤੈਨੂੰ ਉਹਨਾਂ ਦੀ ਹੋਂਦ ਜਾਂ
ਅਣਹੋਂਦ
ਦਾ ਕੋਈ
ਫ਼ਰਕ ਨਹੀਂ ਪੈਣਾ
ਤੇਰੇ ਰਸਤੇ ਅਲੱਗ ਸੀ
ਤੇਰੇ ਰਸਤੇ ਅਲੱਗ ਨੇ
ਤੂੰ ਅਜੇ ਵੀ ਕਿਸੇ ਮੰਜ਼ਿਲ ਦੀ
ਤਲਾਸ਼ ਵਿੱਚ ਹੈਂ।
✪

## ਭੈਅ

ਮੌਸਮ ਬਹੁਤ ਖ਼ਰਾਬ ਹੈ
ਹਵਾ ਦੀ ਅਵਾਜ਼ ਸੁਣ
ਉਹ ਬਹੁਤ ਹੀ ਦਹਿਲ
ਜਾਂਦੀ ਹੈ

ਕਿ ਕਿਤੇ ਕੋਈ ਦਰਿੰਦਾ ਨਾ
ਆ ਜਾਏ
ਉਸਨੂੰ ਕਿਤੇ ਚੁੱਪ ਚੁਪੀਤੇ ਹੀ
ਨਾ ਖਾ ਜਾਏ

ਉਹ ਅਚਨਚੇਤ
ਸਹਿਮੀਆਂ ਹੋਈਆਂ ਅੱਖਾਂ ਦੇ ਨਾਲ
ਬੱਦਲਾਂ ਨੂੰ ਘੂਰਦੀ ਹੋਈ
ਹਵਾ ਨੂੰ ਵੀ ਚੱਲਣ ਤੋਂ ਵਰਜਣ
ਲਗਦੀ ਹੈ।
✪

## ਅਸੁੱਰਖਿਆ

ਹਰ ਪਾਸੇ
ਵਹਿਸ਼ੀਪਣ ਹੈ
ਅਪਾਹਿਜ ਸੋਚ ਹੈ
ਬਿਮਾਰ ਲੋਕ ਨੇ
ਧੁੰਆਂਖਿਆ ਹੋਇਆ ਹੈ
ਹਰ ਚਿਹਰਾ
ਲਾਚਾਰੀ ਵਿਰਾਨਗੀ ਦਾ ਹੈ
ਆਲਮ

ਚਾਰੋਂ ਦਿਸ਼ਾਵਾਂ 'ਚ ਮਚ ਰਿਹਾ
ਕੁਹਰਾਮ ਹੈ
ਇਸੇ ਲਈ ਤਾਂ ਚਿੜੀਆਂ ਨੂੰ ਬਾਹਰ
ਉੱਡਣ ਤੋਂ ਰੋਕਿਆ
ਜਾ ਰਿਹਾ ਹੈ

ਪਰ ਉਹ, ਪਰ ਉਹ
ਚਾਰਦੀਵਾਰੀ ਵਿੱਚ ਵੀ ਸੁਰੱਖਿਅਤ
ਨੇ
ਜਾਂ
ਨਹੀਂ
ਇਸਦਾ ਫ਼ੈਸਲਾ ਕੌਣ
ਕਰੇਗਾ।
✪

## ਬਲਾਤਕਾਰ

ਬਲਾਤਕਾਰ
ਸਿਰਫ਼ ਜਿਸਮ ਦਾ ਨਹੀਂ
ਦਿਲ ਤੇ ਰੂਹ ਦਾ ਵੀ ਹੁੰਦਾ ਹੈ
ਖੁਸ਼ੀਆਂ ਤੇ ਸੁਫ਼ਨਿਆਂ ਦਾ ਵੀ
ਹੁੰਦਾ ਹੈ
ਮਸੂਮੀਅਤ ਦਾ ਵੀ ਹੁੰਦਾ ਹੈ

ਇਹ ਮੰਜ਼ਰ ਕਲਪਨਾ ਤੋਂ ਵੀ
ਭਿਆਨਕ ਤੇ ਖ਼ਤਰਨਾਕ
ਹੁੰਦਾ ਹੈ
ਜਰਾ
ਮਹਿਸੂਸ ਤਾਂ ਕਰ ਕਿ ਇਹ ਜਿਸ ਨਾਲ
ਵੀ ਹੁੰਦਾ ਹੈ
ਉਸਦਾ ਫਿਰ ਕੀ ਹਾਲ
ਹੁੰਦਾ ਹੈ।
✪

## ਪੱਥਰ ਦੇ ਇਨਸਾਨ

ਜਿੰਨੇ ਸਿਤਮ ਤੂੰ ਸਹੇ
ਇਹ ਸਿਤਮ ਮਹਿਸੂਸ ਕਰਨ ਲਈ
ਇਹ ਜਰੂਰੀ ਤਾਂ ਨਹੀਂ
ਕਿ ਹਰ ਪਲ ਸਿਤਮ ਜਰਿਆ ਜਾਏ
ਸਿਤਮ ਚਿਤਵਿਆ ਵੀ ਤਾਂ ਜਾ
ਸਕਦਾ ਹੈ
ਹਰ ਕਿਸੇ ਦਾ ਉਸੇ ਰਾਹ ਤੋਂ
ਗੁਜ਼ਰਨਾ
ਮੁਮਕਿਨ ਹੋਵੇ
ਇਹ ਜਰੂਰੀ ਤਾਂ ਨਹੀਂ

ਰੂਹਾਂ ਦੀ ਪਾਕੀਜ਼ਗੀ ਜਰੂਰੀ ਹੈ
ਤਾਂ ਹੀ ਕਿਸੇ ਦਾ
ਸਿਤਮ ਚਿਤਵ ਸਕਦੇ ਹੋ
ਵਰਨਾ
ਪੱਥਰਾਂ ਦੇ ਇਨਸਾਨ ਤਾਂ ਨਾਲ-ਨਾਲ
ਤੁਰੇ ਫਿਰਦੇ ਨੇ।
✪

## ਬਲਾਤਕਾਰੀ

ਆਪਣੀਆਂ ਨਾਕਾਮੀਆਂ ਨੂੰ
ਵਾਜਿਬ ਦਰਸਾਉਣ ਲਈ
ਬਲਾਤਕਾਰੀ ਦੀ ਜਾਤ ਨੂੰ
ਮੁੱਦਾ ਨਾ ਬਣਾਉ
ਬਲਾਤਕਾਰੀ
ਨਾ ਹਿੰਦੂ, ਨਾ ਸਿੱਖ, ਨਾ ਇਸਾਈ
ਨਾ ਮੁਸਲਮਾਨ ਹੁੰਦਾ ਹੈ
ਜ਼ਮੀਰ ਰਹਿਤ
ਹਵਸ ਦਾ ਭਰਿਆ
ਇੱਕ ਹੈਵਾਨ ਹੁੰਦਾ ਹੈ

ਸ਼ਾਇਦ!
ਹੈਵਾਨਾਂ ਦੇ ਵਿੱਚ ਵੀ ਕੋਈ
ਦਰਜਾ ਹੋਵੇਗਾ
ਇਹ ਤਾਂ
ਕਲਯੁੱਗ ਦਾ ਰਾਹੀ
ਦਿੱਲ ਦਾ ਬੇਈਮਾਨ
ਨੀਚਾਂ ਤੋਂ ਨੀਚ
ਕਰੂਪ ਤੋਂ ਕਰੂਪ
ਦਾਨਵਾਂ ਤੋਂ ਵੀ ਭਿਆਨਕ
ਇੱਕ ਸ਼ੈਤਾਨ ਹੁੰਦਾ ਹੈ

ਇਹ ਗੰਦ ਨਾਲ ਭਰਿਆ
ਗੰਦ ਦਾ ਬਣਿਆ
ਗੰਦ ਨਾਲ ਸੜਿਆ ਇੱਕ ਮਕਾਨ
ਹੁੰਦਾ ਹੈ

ਜਿਸਦੇ
ਜ਼ਿਹਨ ਦੇ ਸਾਰੇ ਦਰਵਾਜ਼ੇ ਤੇ
ਖਿੜਕੀਆਂ
ਬੰਦ ਹੁੰਦੇ ਨੇ
ਜਿਸ ਨੂੰ ਹਵਾ ਦੇ ਬੁੱਲਿਆਂ ਦਾ
ਅਹਿਸਾਸ ਨਹੀਂ ਹੁੰਦਾ

ਜੋ ਖਿੜ੍ਹੇ ਹੋਏ ਫੁੱਲਾਂ ਨੂੰ ਦੇਖ
ਨਹੀਂ ਸਕਦਾ
ਖਿੜ੍ਹ ਰਹੇ ਫੁੱਲਾਂ ਨੂੰ ਖਿੜ੍ਹਨ
ਨਹੀਂ ਦਿੰਦਾ
ਮਰੀਆਂ ਅੱਖਾਂ ਨਾਲ
ਨੋਚ ਲੈਂਦਾ ਹੈ
ਗੰਧਲੇ ਹੱਥਾਂ ਨਾਲ
ਤੋੜ ਦਿੰਦਾ ਹੈ
ਆਤਮਾ ਲਹੂ ਲੁਹਾਣ ਕਰ ਦਿੰਦਾ ਹੈ
ਆਪਣੇ ਵਹਿਸ਼ੀਪਣ ਦੇ ਕਾਰੇ ਨਾਲ
ਜਿਊਣ
ਦਾ ਹੱਕ ਖੋਹ ਲੈਂਦਾ ਹੈ

ਉਸਦੀ ਦੁਰਗੰਧ ਸੜ੍ਹਿਆਣ ਦੇ ਨਾਲ
ਹਰ ਫੁੱਲ
ਹੱਥ ਲੱਗਣ ਤੋਂ ਪਹਿਲਾਂ ਹੀ
ਮੁਰਝਾ ਜਾਂਦਾ ਹੈ
ਇਨਸਾਨੀਅਤ ਨੂੰ ਸਰਮਸ਼ਾਰ ਕਰਦਾ
ਗੰਧਲਾ
ਇੱਕ ਕਿਰਦਾਰ ਹੁੰਦਾ ਹੈ
ਬਲਾਤਕਾਰੀ, ਨਾ ਹਿੰਦੂ, ਨਾ ਸਿੱਖ
ਨਾ ਇਸਾਈ,
ਨਾ ਮੁਸਲਮਾਨ ਹੁੰਦਾ ਹੈ।
✪

## ਚੱਲ ਉੱਠ

ਤੋੜ ਦੇ ਸਾਰੇ ਬੰਧਨ
ਤੋੜ ਦੇ ਸਾਰੇ ਜਿੰਦਰੇ
ਦੱਸ ਦੇ
ਹੈਵਾਨੀਅਤ ਦੇ ਮਾਲਿਕਾਂ ਨੂੰ
ਤੂੰ
ਮਾਈ ਭਾਗੋ ਦੀ ਵਾਰਿਸ ਹੈਂ

ਤੂੰ ਵੀ ਹਥਿਆਰ ਫੜ ਸਕਦੀ ਹੈਂ
ਕਰ ਸਕਦੀ ਹੈਂ
ਦਾਨਵਾਂ ਦਾ ਨਾਸ਼
ਝਾਂਸੀ ਦੀ ਰਾਣੀ ਵਾਂਗਰ ਤੂੰ ਵੀ
ਲੜ ਸਕਦੀ ਹੈਂ
ਇੱਕ ਯੁੱਧ
ਹੈਵਾਨੀਅਤ ਦੇ ਖਿਲਾਫ਼
ਇਕੱਲੀ ਖੜ੍ਹੀ ਹੋ ਸਕਦੀ ਹੈਂ

ਪਰ
ਹੁਣ ਤੂੰ! ਆਪਣੀਆਂ ਸ਼ਕਤੀਆਂ ਨੂੰ
ਭੁੱਲ ਚੁੱਕੀ ਹੈਂ
ਇਸੇ ਲਈ ਅੱਜ ਤੂੰ ਰੁੱਲ ਰਹੀ ਹੈਂ
ਕੌਡੀਆਂ ਦੇ ਭਾਅ ਵਿੱਕ ਰਹੀ ਹੈਂ
ਹਰ ਰੋਜ਼ ਕਿਤੇ ਨਾ ਕਿਤੇ
ਕਿਸੇ ਨਾ ਕਿਸੇ ਤਰ੍ਹਾਂ
ਹੋ ਰਿਹਾ ਹੈ
ਤੇਰਾ ਬਲਾਤਕਾਰ

ਅਜੇ ਵੀ ਵਕਤ ਹੈ
ਤੂੰ
ਉੱਠ ਖੜ੍ਹ
ਤੂੰ ਯਾਦ ਕਰ, ਯਾਦ ਕਰ

ਤੂੰ ਯਾਦ ਕਰ
ਉਹਨਾਂ ਨੂੰ
ਤਾਂ ਕਿ ਕੋਈ ਸ਼ੈਤਾਨ
ਤੱਕ ਨਾ ਸਕੇ ਤੈਨੂੰ ਮੈਲ਼ੀ ਅੱਖ ਦੇ
ਨਾਲ
ਤੇਰੀਆਂ ਅੱਖਾਂ ਦਾ ਤੇਜ਼
ਉਹਨਾਂ ਨੂੰ ਡਰਾ ਦੇਵੇ
ਕਰਾ ਦੇਵੇ ਇਹ ਅਹਿਸਾਸ
ਕਿ ਤੂੰ
ਸ਼ਕਤੀ ਹੈਂ
ਤੂੰ ਜਨਣੀ ਹੈਂ
ਆਪਣੀ ਤਾਕਤ ਨੂੰ ਪਹਿਚਾਣ
ਕਮਜ਼ੋਰ ਨਾ ਬਣ
ਹਤਾਸ਼ ਨਾ ਹੋ
ਚੱਲ ਉੱਠ ਆਪਣੀਆਂ ਸ਼ਕਤੀ ਨੂੰ
ਪਛਾਣ।

## ਸੱਚ ਹਾਰ ਰਿਹਾ ਹੈ
**(ਇਹ ਕਵਿਤਾ ਵੀ ਗੌਰੀ ਲੰਕੇਸ਼ ਨੂੰ ਸਮਰਪਿਤ ਹੈ)**

ਅੱਜ ਇੱਕ ਹੋਰ ਸੂਰਜ ਹੈ
ਬੁੱਝ ਗਿਆ
ਹਨੇਰਾ ਫਿਰ ਹੈ ਛਾ ਗਿਆ
ਬੱਦਲਾਂ ਨੂੰ ਲੱਗ ਗਈ ਹੈ
ਅੱਗ ਜਿਹੀ
ਖ਼ਾਰਾ ਪਾਣੀ ਹੈ ਬਰਸ ਰਿਹਾ

ਚੰਦ ਵੀ ਹੈ ਅੱਜ ਜਲ ਰਿਹਾ
ਅੱਗ ਦੇ ਗੋਲ਼ੇ ਹੈ ਵਰਸਾ ਰਿਹਾ
ਹਵਾ ਵੀ ਥੱਕ ਕੇ ਹੈ ਹਾਰ ਗਈ
ਕੋਈ ਹੋਰ ਹੀ ਹੈ ਜੋ ਉਸਨੂੰ
ਚਲਾ ਰਿਹਾ

ਸੱਚ ਨੂੰ ਝੂਠ ਹੈ ਖਾ ਰਿਹਾ
ਝੂਠ ਸਭ ਨੂੰ ਹੈ ਵਰਗਲ਼ਾ ਰਿਹਾ
ਲਾਸ਼ ਇੱਕ ਹੈ ਜਲ ਰਹੀ
ਹਰ ਸ਼ਖਸ ਨੂੰ ਪੁਕਾਰਦੀ
'ਮੇਰੀ ਅਵਾਜ਼ ਬੁਲੰਦ ਰੱਖਣਾ
ਸ਼ਮਾਂ ਇੱਕ ਜਲਾਈ ਰੱਖਣਾ'
ਝੂਠ ਸਭ ਨੂੰ ਹੈ ਹੁਣ ਖਾ ਰਿਹਾ
ਕੰਨਾਂ ਤੇ ਰੱਖਕੇ ਹੱਥਾਂ ਨੂੰ
ਬੰਦ ਕਰਕੇ ਆਪਣੀਆਂ
ਅੱਖਾਂ ਨੂੰ
ਹਰ ਸ਼ਖਸ ਪਾਸਾ ਵਟਦਾ
ਜਾ ਰਿਹਾ

ਸਮੇਂ ਦਾ ਹਾਕਮ ਝੂਠ ਨਾਲ
ਮਿਲਕੇ
ਹੁਣ ਸੱਚ ਨੂੰ ਹੈ ਡਰਾ ਰਿਹਾ
ਹਰ ਕਿਸੇ ਨੂੰ ਹੈ ਧਮਕਾ ਰਿਹਾ
ਅੱਜ ਇੱਕ ਫਿਰ ਸੂਰਜ ਹੈ
ਬੁੱਝ ਗਿਆ
ਚਾਰੇ ਪਾਸੇ ਹਨੇਰਾ
ਛਾ ਰਿਹਾ।

## ਤੂੰ ਜਣਨੀ ਹੈਂ

ਤੂੰ ਇੱਕ ਨਾਜ਼ੁਕ ਕਲੀ ਨਹੀਂ ਹੈਂ
ਤੂੰ ਜਣਨੀ ਹੈਂ
ਦੁਨੀਆਂ ਚਲਦੀ ਤੇਰੇ ਕਰਕੇ
ਤੂੰ! ਬਿਜ਼ਨਸ
ਚਲਾਉਣ ਦੇ ਲਈ ਇੱਕ
ਕੜੀ ਹੈਂ

ਤੇਰੇ ਦਮ ਤੇ ਹੀ ਜ਼ਿੰਦਗੀ
ਖੜ੍ਹੀ ਹੈ
ਦੁਨੀਆ ਚੱਲਦੀ ਹੈ
ਤੇਰੇ ਕਰਕੇ
ਤੂੰ ਇੱਕ ਫ਼ੌਲਾਦੀ
ਹਥਿਆਰ ਹੈਂ
ਸ਼ਿੰਗਾਰ ਦੇ ਨਾਲ ਨਾਲ
ਤਲਵਾਰ ਵੀ ਚੁੱਕ ਕੇ ਦਿਖਾ
ਮਰਦ ਅਗੰਮੜੇ ਦਸਮ ਪਿਤਾ ਦੀ
ਤਲਵਾਰ ਦੀ ਧਾਰ ਤਾਂ ਬਣ ਕੇ
ਦਿਖਾ

ਦੇਖ! ਫਿਰ ਕੋਈ ਤੱਕ
ਸਕਦਾ ਹੈ
ਤੈਨੂੰ
ਕਿਸ ਤਰ੍ਹਾਂ ਡਰਾ ਸਕਦਾ ਹੈ
ਤੈਨੂੰ
ਬੇਸ਼ੱਕ
ਹਰ ਛੋਟੀ ਤੋਂ ਛੋਟੀ ਚੀਜ਼ ਵਿਕਦੀ
ਹੈ ਤੇਰੇ ਕਰਕੇ
ਆਪਣੇ ਆਪ ਨੂੰ ਵਿਕਾਊ ਨਾ ਸਮਝ
ਮੂੰਹ ਤੋੜ ਜਵਾਬ ਦੇਹ
ਤੂੰ ਸ਼੍ਰਿਸ਼ਟੀ ਦੀ ਮਾਲਿਕ ਹੈਂ
ਤੇਰੀ ਹੋਂਦ ਤੋਂ ਬਿਨਾਂ

ਕੁੱਝ ਵੀ
ਮੁਮਕਿਨ ਨਹੀਂ
ਨਾ ਇਹ ਦੁਨੀਆਂ ਤੇ ਨਾ ਹੀ ਇਹਦੇ
ਕਾਰਜ
ਤੇਰੇ ਬਿਨਾਂ ਮੁਕੰਮਲ
ਇਤਿਹਾਸ ਨੂੰ ਇਹ ਝਰੋਖਾ
ਤਾਂ ਦਿਖਾ।
✪

## ਸਵੈ ਦੀ ਖੋਜ

ਸੱਸ ਸੋਚੇ
ਮੇਰੀ ਧੀ ਦੀ ਸੱਸ ਚੰਗੀ ਹੋਵੇ
ਮੇਰੀ ਧੀ ਬੇਸ਼ੱਕ ਚੰਗੀ ਹੋਵੇ ਜਾਂ
ਨਾ ਹੋਵੇ
ਪਰ ਮੇਰੀ ਨੂੰਹ ਬਹੁਤ ਹੀ ਚੰਗੀ ਹੋਵੇ
ਨੂੰਹ ਸੋਚੇ ਮੇਰੀ ਸੱਸ ਬਹੁਤ ਚੰਗੀ ਹੋਵੇ
ਉਸਦੀ ਮਾਂ ਬੇਸ਼ੱਕ ਚੰਗੀ ਸੱਸ
ਨਾ ਹੋਵੇ

ਸੱਸ ਸੋਚੇ
ਸੱਸ ਹਮੇਸ਼ਾ ਦੱਸਦੀ ਰਹਿੰਦੀ
ਆਪਣੀ ਹੀ ਕਹਾਣੀ
ਆਪ ਭਰਾਏ ਹਮੇਸ਼ਾ ਨੂੰਹ ਤੋਂ ਪਾਣੀ
ਆਪਣੀ ਸੱਸ ਨੂੰ ਹਰ ਰੋਜ਼ ਉਹ
ਗਾਲ਼ਾਂ ਹੈ ਕੱਢਦੀ
ਆਪ ਦੁਹਰਾਏ ਉਸਦੀ ਹੀ
ਕਹਾਣੀ

ਜਦ ਤੱਕ ਔਰਤ
ਧੀ ਨੂੰਹ ਤੇ ਸੱਸ ਬਣੀ ਰਹੇਗੀ
ਉਹ ਇਹਨਾਂ ਝਮੇਲਿਆਂ ਦੇ ਵਿੱਚ ਹੀ
ਫਸੀ ਰਹੇਗੀ

ਜਦ ਤੱਕ ਔਰਤ ਸਿਰਫ਼ ਔਰਤ
ਨਹੀਂ ਬਣਦੀ
ਤਦ ਤੱਕ ਇੱਕ ਨਵਾਂ ਇਤਿਹਾਸ
ਨਹੀਂ
ਰੱਚ ਸਕਦੀ
ਔਰਤ ਨੂੰ ਔਰਤ
ਬਣਨਾ ਪਵੇਗਾ
ਦਕਿਆਨੂਸੀ ਸੋਚਾਂ ਨੂੰ ਖਤਮ
ਕਰਨਾ ਪਵੇਗਾ
ਮਾਂ ਧੀ ਨੂੰਹ ਤੇ ਸੱਸ ਬਣਨ
ਤੋਂ ਪਹਿਲਾਂ
ਐ ਔਰਤ!
ਤੈਨੂੰ ਇੱਕ ਔਰਤ
ਬਣਨਾ ਪਵੇਗਾ।
✪

## ਬੇਲਗਾਮ ਸ਼ਬਦ

ਬਹੁਤ ਵਾਰ
ਬਹੁਤ ਵਾਰ
ਇਸ ਤਰ੍ਹਾਂ ਦੇ ਮੁਕਾਮ ਆਏ
ਉਸਦੇ ਸ਼ਬਦ ਬੇਲਗਾਮ ਹੋਏ
ਸੜ੍ਹੀ ਉਸਦੀ ਜੀਭ ਵੀ
ਸ਼ਬਦ ਬਹੁਤ ਗੰਧਲੇ ਹੋਏ
ਕਿਉਂਕਿ! ਕਿਉਂਕਿ!!
ਉਹ ਮਿੱਠਾ ਬੋਲਣ ਵਾਲਿਆਂ
ਵਾਂਗਰ
ਆਪਣੇ ਦਿੱਲ 'ਚ ਕੋਈ
ਕੁੱੜਤਣ ਨਹੀਂ
ਪਾਲ਼ ਸਕਦੀ

ਉਹ ਅੰਦਰੋਂ ਬਾਹਰੋਂ ਇੱਕ ਹੈ
ਤੇ
ਬਾਹਰੋਂ ਹੋਰ ਹੋਵਣ ਤੇ ਅੰਦਰੋਂ ਹੋਰ
ਹੋਵਣ ਦਾ
ਅਜਬ ਢੌਂਗ ਰਚਾ ਨਹੀਂ ਸਕਦੀ
ਉਸਨੂੰ
ਉਸਨੂੰ ਇਹ ਮਨਜ਼ੂਰ ਹੈ
ਕਿ ਲੋਕ
ਬੇਸ਼ੱਕ ਉਸਨੂੰ
ਬਦਦਿਮਾਗ
ਬੇਲਿਹਾਜ਼
ਬੇਸ਼ਰਮ
ਬੇਗ਼ੈਰਤ
ਬੇਦਿਲ
ਤੇ ਕੌੜੀ ਜ਼ੁਬਾਨ
ਦੇ ਤਗਮਿਆਂ ਦੇ ਨਾਲ ਨਿਵਾਜ਼ ਦੇਣ

ਪਰ ਉਹ
ਧੋਖੇਬਾਜ਼ ਹੋਣਾ ਸਹਿ ਨਹੀਂ ਸਕਦੀ
ਤੇ ਨਾ ਹੀ
ਧੋਖਿਆਂ ਨੂੰ ਹੈ ਪਾਲ ਸਕਦੀ
ਮੂੰਹ ਦੇ ਮਿੱਠੇ, ਦਿਲ ਦੇ ਕਾਲ਼ੇ
ਬਣਾਵਟੀ ਲੋਕਾਂ ਦੇ ਨਾਲ ਉਹ
ਹੁਣ ਰਾਬਤਾ
ਬਣਾ ਨਹੀਂ ਸਕਦੀ
ਕਿਉਂਕਿ
ਉਹ ਨਹੀਂ ਚਾਹੁੰਦੀ ਕਿ ਉਸਦੇ
ਸ਼ਬਦ ਫਿਰ ਤੋਂ
ਬੇਲਗਾਮ ਹੋ ਜਾਵਣ।
✪

## ਦੀਵਾਰ

ਜਿੱਥੇ ਔਰਤ ਹੀ ਔਰਤ ਦੇ ਨਾਲ
ਨਾ ਖੜ੍ਹੀ ਹੋਵੇ
ਜਿੱਥੇ ਔਰਤ ਨੇ ਔਰਤ ਦੇ ਖਿਲਾਫ਼
ਹੀ
ਜੁੱਤੀ ਫੜੀ ਹੋਵੇ
ਔਰਤ ਨੇ ਔਰਤ ਨੂੰ ਥੱਲੇ ਲਾਉਣ
ਦੀ
ਸਕੀਮ ਘੜੀ ਹੋਵੇ
ਔਰਤ ਨੇ ਔਰਤ ਦੇ ਖਿਲਾਫ਼ ਗਾਲ਼ਾਂ ਦੀ
ਲੜੀ ਫੜੀ ਹੋਵੇ
ਦੱਸੋ! ਫਿਰ ਦੱਸੋ!!
ਦੁਨੀਆਂ ਦੀਓ ਔਰਤੋ
ਫਿਰ ਔਰਤ ਦਾ ਸ਼ੋਸ਼ਣ
ਕਿਉਂ ਨਾ ਹੋਵੇ

ਜਦੋਂ ਸਹੁਰਾ ਮੰਗੇ ਦਾਜ ਤੇ ਸੱਸ
ਨਾਲ ਖੜ੍ਹੀ ਹੋਵੇ
ਪੁੱਤ ਨੂੰਹ ਨੂੰ ਅੱਗ ਜਦੋਂ ਲਾਵਦਾਂ ਏ
ਤਦ ਮਾਂ ਨੇ ਹੱਥ ਤੇਲ ਦੀ ਬੋਤਲ
ਕਿਉਂ ਫੜ੍ਹੀ ਹੋਵੇ
ਸੱਸ ਨੇ ਹੀ ਨੂੰਹ ਦੇ ਲਈ ਬਣਾਈ
ਕਿਉਂ ਇੱਕ ਮੜ੍ਹੀ ਹੋਵੇ
ਦੱਸੋ ਦੁਨੀਆਂ ਦੀ
ਔਰਤ ਦਾ ਸ਼ੋਸ਼ਣ ਫਿਰ ਕਿਉਂ
ਨਾ ਹੋਵੇ

ਔਰਤ ਔਰਤ ਲਈ ਕਦੇ
ਨਾ ਖੜ੍ਹੀ ਹੋਵੇ
ਆਪਣੀ ਧੀ ਵਾਂਗ ਸੱਸ ਨੂੰਹ ਲਈ
ਕਦੇ ਨਾ ਖੜ੍ਹੀ ਹੋਵੇ

ਖ਼ੁਦ ਨੂੰ ਹੀ ਨੀਵਾਂ ਦਿਖਾਉਣ ਦੀ
ਜ਼ਿੱਦ ਫੜੀ ਹੋਵੇ
ਔਰਤ ਔਰਤ ਨਾਲ ਹੀ ਹਮੇਸ਼ਾ
ਕਿਉਂ ਲੜੀ ਹੋਵੇ
ਫਿਰ ਔਰਤ ਦਾ ਸ਼ੋਸ਼ਣ
ਕਿਉਂ ਨਾ ਹੋਵੇ

ਔਰਤ ਔਰਤ ਦੇ ਵਿਰੁੱਧ ਹੀ ਕਿਉਂ
ਖੜ੍ਹ ਜਾਵੇ
ਔਰਤ ਨੂੰ ਆਪਣਾ ਹੀ ਅਕਸ
ਕਿਉਂ ਨਾ ਨਜ਼ਰ ਆਵੇ
ਅਸਤਿਤਵ ਆਪਣੇ ਲਈ ਕਿਉਂ ਨਾ
ਉਹ ਮਰ ਮਿੱਟ ਜਾਵੇ
ਔਰਤ ਜ਼ਬਰ ਜ਼ੁਲਮ ਦੇ ਖਿਲਾਫ਼
ਜੇਕਰ ਖੜ੍ਹ ਜਾਵੇ
ਫਿਰ ਔਰਤ ਦਾ ਸ਼ੋਸ਼ਣ
ਸਦਾ ਲਈ
ਮੁੱਕ ਜਾਵੇ।
✪

## ਕਿਆਸ

ਉਹ ਡਾਕਟਰ ਹੈ ਪਰ ਜਰੂਰ ਨਾਲ
ਕੰਮ
ਕਰਦੇ ਡਾਕਟਰ ਨਾਲ ਹੀ ਉਹ
ਰਹਿੰਦੀ ਹੋਵੇਗੀ
ਇਹ ਗੱਲ ਇੱਕ ਔਰਤ ਦੂਸਰੀ ਔਰਤ
ਨੂੰ
ਕਹਿੰਦੀ ਹੋਵੇਗੀ
ਉਹ ਨਰਸ ਹੈ
ਜਰੂਰ ਕਲੀਨਿਕ ਵਿੱਚ
ਕੰਪਾਉਡਰ ਜਾਂ ਡਾਕਟਰ
ਨਾਲ ਉਹ ਅੱਖ ਮਟੱਕਾ
ਕਰਦੀ ਹੋਵੇਗੀ
ਇਹ ਗੱਲ ਇੱਕ ਔਰਤ ਦੂਸਰੀ ਔਰਤ
ਨੂੰ
ਕਹਿੰਦੀ ਹੋਵੇਗੀ

ਉਹ ਇੱਕ ਟੀਚਰ ਹੈ
ਉਹ ਜਰੂਰ ਮੂੰਹ ਫੱਟ ਬਦਦਿਮਾਗ
ਬੇਹਯਾ ਬੇਲਿਹਾਜ਼
ਬੇਗ਼ੈਰਤ ਆਕੜਖ਼ੋਰ ਤੇ
ਘੁਮੰਡੀ ਹੋਵੇਗੀ
ਇਹ ਇੱਕ ਔਰਤ ਦੂਸਰੀ ਔਰਤ ਨੂੰ
ਕਹਿੰਦੀ ਹੋਵੇਗੀ

ਜੇ ਉਹ ਪੁਲਸ ਵਾਲੀ ਹੈ
ਫਿਰ ਤਾਂ ਉਹ ਸਾਰਿਆਂ ਦੀ ਹੀ
ਘਰਵਾਲੀ ਹੈ
ਉਹ ਬਹੁਤ ਹੀ ਤੇਜ਼ ਹੋਵੇਗੀ
ਬਚਕੇ ਰਹੋ ਉਸਤੋਂ
ਉਹ ਬਹੁਤ ਹੀ ਝਗੜਾਲੂ ਹੋਵੇਗੀ
ਇਹ ਕਮਜ਼ਾਤ! ਜਾਤ ਬਹੁਤ ਹੀ

ਗੰਦੀ ਹੋਵੇਗੀ
ਇਹ ਗੱਲ ਇੱਕ ਔਰਤ ਦੂਸਰੀ ਔਰਤ
ਨੂੰ
ਕਹਿੰਦੀ ਹੋਵੇਗੀ

ਸਿਰਫ਼ ਮਰਦ ਨੂੰ ਹੀ ਦੋਸ਼ੀ ਨਾ
ਬਣਾਉ ਹਰ ਪਲ਼
ਔਰਤ ਵੀ ਹੈ ਔਰਤ ਦੀ ਸਭ ਤੋਂ
ਵੱਡੀ ਦੁਸ਼ਮਣ
ਪਰ ਦੋਸ਼ ਉਹ ਮਰਦ ਸਿਰ ਹੀ
ਧਰਦੀ ਰਹੇਗੀ
ਜਦ ਤੱਕ ਔਰਤ ਔਰਤ ਨੂੰ ਨਹੀਂ
ਹੈ ਪੜ੍ਹਦੀ
ਜਦ ਤੱਕ ਔਰਤ ਔਰਤ ਦੇ ਨਾਲ
ਨਹੀਂ ਖੜ੍ਹਦੀ
ਔਰਤ ਦੀ ਭੰਡੀ ਇੰਝ ਹੀ ਹੁੰਦੀ
ਰਹੇਗੀ

ਭੁੱਲ ਜਾਏ ਬਰਾਬਰਤਾ ਦਾ ਅਧਿਕਾਰ
ਫਿਰ ਉਹ
ਉਸ ਨਾਲ
ਕਾਣੀ ਵੰਡ ਇਸੇ ਤਰ੍ਹਾਂ ਹੀ ਹੁੰਦੀ
ਰਹੇਗੀ।
✪

## ਉਹ ਮਰ ਗਈ ਹੈ

**(ਇਹ ਕਵਿਤਾ ਕਠੂਆ ਰੇਪ ਦੀ ਸ਼ਿਕਾਰ ਬੱਚੀ ਆਸਿਫ਼ਾ ਬਾਨੂੰ ਲਈ ਹੈ)**

ਉਹ ਹਨੇਰੇ ਵਿੱਚ ਖੋ ਗਈ ਹੈ
ਗਵਾਚ ਗਈ ਹੈ ਕਿੱਧਰੇ
ਅੰਧਕਾਰ ਭਰੇ ਜੰਗਲ ਦੇ ਵਿੱਚ
ਕੁੱਝ ਜਾਨਵਰਾਂ ਨੇ ਜਕੜ ਲਿਆ ਹੈ
ਉਸਨੂੰ ਆਪਣੀ ਗਰਿਫ਼ਤ ਵਿੱਚ
ਕਾਬੂ ਕਰਕੇ ਲੁਕੋ ਦਿੱਤਾ ਹੈ
ਪਤਾ ਨਹੀਂ ਕਿਹੜੀ ਗੁਫ਼ਾ ਵਿੱਚ

ਉਹ ਬਹੁਤ ਸਹਿਮ ਗਈ ਹੈ
ਬਹੁਤ ਡਰ ਗਈ ਹੈ
ਉਹ ਜੰਗਲ ਦੇ ਬਿਰਖਾਂ ਦੇ ਪੱਤਿਆਂ ਦੀ
ਸਰਸਰਾਹਟ ਤੋਂ ਵੀ ਘਬਰਾਉਂਦੀ ਹੈ
ਉਸਦੇ ਪੈਰ ਉਸਦੇ ਜਿਸਮ ਤੋਂ
ਅਲੱਗ ਹੋ ਗਏ ਨੇ
ਉਹ ਹੁਣ ਤੁਰ ਨਹੀਂ ਸਕਦੀ
ਉਸ ਨੂੰ ਆਪਣੀਆਂ ਖੁੱਲ੍ਹੀਆਂ ਪੱਥਰ
ਬਣ ਚੁੱਕੀਆਂ
ਅੱਖੀਆਂ ਦੇ ਵਿੱਚੋਂ
ਕੁੱਝ ਦੈਂਤ ਨਜ਼ਰ ਆਉਂਦੇ ਨੇ

ਜੋ ਆਪਣੀ ਹਵਸ ਦੀ ਭੁੱਖ ਮਿਟਾਉਣ ਲਈ
ਉਸ ਤੇ ਕਹਿਰ ਢਾਉਂਦੇ ਨੇ
ਉਸ ਲਈ ਜ਼ਿੰਦਗੀ ਰੁੱਕ ਗਈ ਹੈ
ਉਹ ਅੰਦਰੋਂ ਬਾਹਰੋਂ ਮਰ ਗਈ ਹੈ
ਪੱਥਰ ਦੀ ਸਿੱਲ ਵਾਂਗਰ ਠਰ ਗਈ ਹੈ
ਜਿਉਂਦੀ ਇੱਕ ਲਾਸ਼ ਬਣ ਖੜ੍ਹ ਗਈ ਹੈ

ਕਰੂਪਤਾ ਮਾਨਵ ਦੀ ਦੇਖ
ਆਖਿਰ! ਉਹ ਇਸ ਦੁਨੀਆ ਨੂੰ
ਖ਼ੁਦਾ ਹਾਫਿਜ਼ ਕਰ ਗਈ ਹੈ
ਉਸ ਨੂੰ ਮੁੜ ਕੇ ਜਿਉਂਦਾ ਹੋਣ ਦੀ
ਕੋਈ ਲੋਚਾ ਨਹੀਂ ਹੈ।

## ਜੰਗਲ ਰਾਜ

ਹੁਣ ਤਾਂ ਮੇਰੇ ਦੇਸ਼ ਵਿੱਚ
ਜੰਗਲ ਰਾਜ ਹੈ
ਵਹਿਸ਼ੀਪਣ ਨਾਲ ਭਰੇ ਹੋਏ ਬਹੁਤ
ਜਾਨਵਰ
ਆਦਮਖ਼ੋਰ ਬਣ ਕੇ ਨੇ
ਵਿਚਰ ਰਹੇ

ਹੁਣ! ਇਸ ਜੰਗਲ ਰਾਜ ਵਿੱਚ
ਤੂੰ
ਸ਼ੇਰਨੀ ਬਣ ਵਿਚਰੇਂਗੀ
ਤਾਂ ਹੀ ਬਚੇਂਗੀ
ਨਹੀਂ ਤਾਂ !
ਇਸ ਜੰਗਲ ਰਾਜ ਵਿੱਚ
ਬਹੁਤ ਸਾਰੇ ਭੇੜੀਏ ਨੇ ਜੋ ਤੈਨੂੰ
ਦਬੋਚ ਕੇ
ਨੋਚ-ਨੋਚਕੇ ਖਾਣ ਨੂੰ
ਇੱਕ ਮਿੰਟ ਵੀ ਨਹੀਂਉ ਲਾਉਣਗੇ

ਐਨਾ ਤਾਂ ਤੈਨੂੰ ਵੀ
ਪਤਾ ਹੈ
ਕਿ
ਜੰਗਲ ਰਾਜ ਵਿੱਚ ਕੋਈ ਕਾਨੂੰਨ
ਨਹੀਂ ਹੁੰਦਾ
ਹੁਣ ਤੂੰ
ਆਪਣੇ ਆਪ ਨੂੰ ਕਿਵੇਂ ਬਚਾਉਣਾ ਹੈ
ਇਹ ਫ਼ੈਸਲਾ
ਹੁਣ ਤੂੰ ਆਪ ਹੀ ਕਰਨਾ ਹੈ।
✪

# ਉਹ ਕੌਣ ਸੀ?

ਉਹ ਚਾਨਣ ਦੀ ਤਲਾਸ਼ ਵਿੱਚ
ਤੁਰ ਸਕਦੀ ਸੀ ਦੂਰ ਦੂਰ ਤੱਕ
ਹਨੇਰਿਆਂ ਵਿੱਚ
ਉਹ ਸੱਚ ਦੀ ਤਲਾਸ਼ ਵਿੱਚ
ਤੁਰ ਸਕਦੀ ਸੀ ਦਗ਼ਦੇ ਅੰਗਿਆਰਿਆਂ ਤੇ
ਉਹ ਰਸਮਾਂ, ਰਿਵਾਜਾਂ ਦੇ ਨਾਮ ਤੇ
ਜਿਉਂਦਿਆਂ ਹੀ ਸੀ ਜਲੀ
ਮੋਇਆਂ ਦੇ ਨਾਲ
ਧਰਮ ਦੇ ਪੁਜਾਰੀਆਂ ਦੇ ਜ਼ਬਰ ਸਹਿਕੇ
ਉਹ ਅੱਗਾਂ ਵਿੱਚ ਹੋਈ ਸੀ ਖੜ੍ਹੀ ਹਜ਼ਾਰ ਵਾਰ
ਆਪਣੇ ਹੱਕਾਂ ਦੀ ਰਾਖੀ ਲਈ
ਉਹ ਮੈਦਾਨਾਂ ਵਿੱਚ ਵੀ ਸੀ ਲੜੀ ਬਹੁਤ ਵਾਰ

ਆਪਣੇ ਘਰ ਦੀ ਛੱਤ ਦੇ
ਝੱਖੜਾਂ ਵਿੱਚ ਡਿੱਗ ਜਾਵਣ ਤੇ
ਆਪਣੀ ਹੋਂਦ ਬਚਾਉਣ ਲਈ
ਉਹ ਤੂਫ਼ਾਨਾਂ ਵਿੱਚ ਵੀ ਹੋਈ ਸੀ ਖੜ੍ਹੀ
ਆਪਣੇ ਪਿਆਰ ਦੀ ਖਾਤਿਰ
ਮਾਰੂਥਲਾਂ ਦੇ ਵਿੱਚ ਸੀ ਸੜ੍ਹੀ
ਜੋ ਝੁਕੀ ਨਾ ਸੀ ਹਕੂਮਤ ਦੇ ਅੱਗੇ
ਆਪਣੇ ਹੱਠ ਲਈ ਅਨਾਰਕਲੀ
ਜਦ ਗਈ ਸੀ ਕੰਧਾਂ ਦੇ ਵਿੱਚ ਚਿਣੀ
ਉਹ ਕੌਣ ਸੀ, ਉਹ ਕੌਣ ਸੀ
ਜੋ ਦੁਨੀਆਂ ਤੋਂ ਨਾ ਸੀ ਡਰੀ
ਜੋ ਆਪਣੇ ਆਪ ਲਈ ਹੋਈ ਸੀ ਖੜ੍ਹੀ

ਉਹ ਕੌਣ ਸੀ
ਹੁਣ ਉਹ ਕਿਉਂ ਐਨੀ ਡਰ ਚੁੱਕੀ ਹੈ
ਅਬਲਾ ਕਮਜ਼ੋਰ ਲਾਚਾਰ ਬਣ ਚੁੱਕੀ ਹੈ
ਕਿਉਂ ਆਪਣਾ ਆਪ ਹਾਰ ਚੁੱਕੀ ਹੈ
ਉਹ ਕੀ ਸੀ ਤੇ ਕੀ ਬਣ ਚੁੱਕੀ ਹੈ
ਉਹ ਕੌਣ ਸੀ?
ਉਹ ਕੌਣ ਸੀ?
✪

## ਔਕਾਤ

ਉਹ ਚੰਗਾ ਕਰਦਾ ਹੈ
ਕਿ
ਉਸਨੂੰ ਉਸਦੀ ਔਕਾਤ ਦਿਖਾ
ਦਿੰਦਾ ਹੈ

ਕਿ ਉਹ ਤਾਂ ਸਿਰਫ਼
ਉਸਦੇ ਹੀ ਰਹਿਮੋਂ ਕਰਮ ਤੇ ਪਲ਼
ਰਹੀ ਹੈ

ਇਸ ਹਾਦਸੇ ਤੋਂ ਬਾਅਦ
ਉਹ ਆਪਣੇ ਆਪ ਨੂੰ
ਲੱਭਣ ਲਈ
ਤਿਆਰ ਹੋ ਜਾਂਦੀ ਹੈ।
✪

## ਬਗਾਵਤ

ਉਹ ਬਗਾਵਤ ਕਰਨਾ
ਚਾਹੁੰਦੀ ਹੈ
ਪਰ
ਉਸਦਾ ਦਿਲ ਉਸਦੇ ਦਿਮਾਗ ਨਾਲ
ਬਗਾਵਤ ਕਰਨ ਲੱਗ ਜਾਂਦਾ ਹੈ

ਤੇ ਫਿਰ ਉਹ
ਬਗਾਵਤ ਕਰਨ ਤੋਂ ਮੂੰਹ ਮੋੜ
ਲੈਂਦੀ ਹੈ

ਉਸਦੇ ਬੱਚਿਆਂ ਦੇ ਚਿਹਰੇ ਰੋਕ
ਲੈਂਦੇ ਨੇ
ਉਸਨੂੰ
ਬੰਨ੍ਹ ਦਿੰਦੇ ਨੇ ਉਸਦੇ ਪੈਰਾਂ ਦੇ
ਵਿੱਚ
ਮੋਹ ਦੀਆਂ ਬੇੜੀਆਂ

ਇੱਕ ਵਾਰ ਫਿਰ
ਉਹ
ਚਾਹ ਕੇ ਵੀ ਨਹੀਂ ਨੱਸ ਸਕਦੀ ਕਿਤੇ
ਉਸਨੂੰ ਹੁਣ
ਆਪਣੇ ਆਪ ਤੇ ਤਰਸ ਆਉਣ
ਲਗਦਾ ਹੈ।
✪

## ਬੰਦ ਜਿੰਦਰੇ

ਕੀ ਪਿਆਰ
ਕੀ ਇਸ਼ਕ
ਕੀ ਮਹੁੱਬਤ
ਜਿੱਥੇ ਬੋਲਣ ਤੇ ਮਨਾਹੀ ਹੋਵੇ
ਦਿਲ ਫ਼ਰੋਲਣ ਤੇ ਮਨਾਹੀ ਹੋਵੇ
ਦਿਲ ਦੇ ਦਰਵਾਜ਼ਿਆਂ ਤੇ ਲੱਗੇ ਹੋਏ
ਜਿੰਦਰਿਆਂ ਨੂੰ ਖੋਲ੍ਹਣਾ ਗੁਨਾਹ ਹੋਵੇ
ਜਿੱਥੇ ਝੂਠ ਦੇ ਥਾਲਾਂ ਵਿੱਚ
ਪਰੋਸ ਪਰੋਸ ਕੇ ਧਰਿਆ ਗਿਆ
ਪਿਆਰ
ਪ੍ਰਵਾਨ ਚੜ੍ਹੇ
ਸੱਚਾ ਲੱਗੇ

ਜਿੱਥੇ ਬੁੱਲ੍ਹਾਂ ਦੇ ਖੁੱਲ੍ਹਣ ਤੇ
ਜ਼ਹਿਰੀਲੇ ਸ਼ਬਦਾਂ ਦਾ ਇਨਾਮ ਮਿਲੇ
ਤਲਵਾਰ ਤੋਂ ਵੀ ਤਿੱਖੇ ਨਸ਼ਤਰਾਂ ਵਰਗੇ
ਸ਼ਬਦ ਰੂਹ ਨੂੰ ਲਹੂ ਲੁਹਾਣ ਕਰ ਦੇਵਣ
ਯਕੀਨ ਤੋਂ ਭਰੋਸਾ ਚੁਕਾ ਦੇਵਣ
ਉਸਦਾ ਦਿਲ
ਉੱਚੀ ਉੱਚੀ ਚੀਕਾਂ ਮਾਰਨ ਨੂੰ ਕਰੇ
ਉਦੋਂ ਮਨ ਭੱਜ ਜਾਣਾ ਚਾਹਵੇ
ਉਸ ਥਾਂ
ਜਿੱਥੇ
ਕਿਸੇ ਨੂੰ ਵੀ ਉਸਦੀ ਆਵਾਜ਼
ਨਾ ਸੁਣੇ।
✪

## ਕੋਝਾਪਨ

ਹੁਣ ਉਹ
ਹੁਣ ਉਹ
ਉਹ ਗਰਾਂ ਛੱਡ ਆਈ ਹੈ
ਜਿੱਥੇ ਉਹ ਭੌਂਕਦੇ ਸੀ
ਜਿੱਥੇ ਉਹ ਟੋਕਦੇ ਸੀ
ਉਸਨੂੰ ਖ਼ੁਦ ਨੂੰ ਹੀ ਲੱਭਣ ਤੋਂ ਰੋਕਦੇ ਸੀ
ਹੁਣ ਉਹ
ਉਹ ਗਰਾਂ ਛੱਡ ਆਈ ਹੈ

ਬੇਜਾਨ ਬੇਈਮਾਨ ਜਿਹੇ
ਉਹਨਾਂ ਰਿਸ਼ਤਿਆਂ ਨੂੰ ਦੂਰ ਦੁਰਾਡੇ
ਕਿਸੇ ਜੰਗਲੀ ਖੂਹ ਵਿੱਚ ਸੁੱਟ ਆਈ ਹੈ
ਜੋ ਕੋਝੇਪਣ ਦਾ ਅਹਿਸਾਸ ਕਰਾਉਂਦੇ ਸੀ
ਉਹ ਹੁਣ
ਉਹਨਾਂ ਰਾਹਵਾਂ ਨੂੰ ਵੀ ਸਲਾਮ ਕਰ
ਅਲਵਿਦਾ ਕਹਿ ਆਈ ਹੈ
ਜੋ ਉਸਨੂੰ ਬੇਗਾਨਗੀ ਦਾ ਪਾਠ
ਪੜ੍ਹਾਉਂਦੇ ਸੀ

ਹੁਣ ਉਹ
ਉਹਨਾਂ ਬਾਹਵਾਂ ਨੂੰ ਵੀ ਭੰਨ ਆਈ ਹੈ
ਜੋ ਪਿਆਰ ਦਾ ਅਹਿਸਾਨ
ਜਤਾਉਂਦੀਆਂ ਸੀ
ਹੁਣ ਉਹ
ਸਦਾ ਸਦਾ ਲਈ
ਉਹ ਗਰਾਂ ਛੱਡ ਆਈ ਹੈ।
✪

## ਪੱਥਰ ਦੀ ਸਿੱਲ

ਪੱਥਰ ਬਣੀ ਉਹ ਮੂਰਤ
ਭੁੱਲ ਚੁੱਕੀ ਹੈ ਜੋ ਆਪਣੀ
ਸੂਰਤ
ਉਸਨੂੰ ਹੁਣ ਆਪਣੇ ਆਪ ਤੋਂ
ਨਫ਼ਰਤ ਹੈ
ਆਪਣੇ ਜਿਸਮ ਤੋਂ ਸੜ੍ਹਿਆਂਦ
ਜਿਹੀ ਆਉਂਦੀ ਹੈ
ਜਦੋਂ ਉਹ ਮੰਜ਼ਿਰ ਯਾਦ
ਆਉਂਦਾ ਹੈ
ਕਿਸ ਤਰ੍ਹਾਂ ਕੋਹਿਆ ਗਿਆ ਸੀ
ਉਸਨੂੰ
ਨੋਚਿਆ ਨਹੀਂ ਸੀ ਗਿਆ ਸਿਰਫ਼
ਸਰੀਰ ਉਸਦਾ
ਦਿਲ ਤੇ ਰੂਹ ਵੀ ਨੋਚ
ਲਈ ਸੀ

ਰੂਹ ਤੇ ਜੋ ਝਰੀਟਾਂ ਨੇ ਪਈਆਂ
ਗਹਿਰੀਆਂ ਨੇ ਜਿਸਮ ਤੇ ਪਈਆਂ
ਝਰੀਟਾਂ ਨਾਲੋਂ
ਉਸਦੇ ਸੁਫ਼ਨੇ ਟੁੱਟ ਗਏ ਨੇ
ਦਿਮਾਗ ਸੁੰਨ ਹੋ ਗਿਆ ਹੈ
ਖ਼ਿਆਲ ਮੁੱਕ ਗਏ ਨੇ
ਪੱਥਰ ਬਣੀ ਉਸ ਮੂਰਤ ਨੂੰ
ਉਹ ਖ਼ੌਫਨਾਕ ਪਲ਼
ਸੁਫ਼ਨਿਆਂ ਵਿੱਚ ਡਰਾਉਂਦੇ ਨੇ
ਛਲਣੀ ਕਰ ਦਿੰਦੇ ਨੇ
ਉਸਦੇ ਜਿਸਮ ਨੂੰ ਵਾਰ ਵਾਰ

ਨਹੀਂ ਕਿਸੇ ਦਾ ਉਹ ਸਾਹਮਣਾ
ਕਰਨਾ ਚਾਹੁੰਦੀ
ਹੁਣ
ਬੰਦ ਕਮਰੇ ਵਿੱਚ ਹੀ ਕੈਦ ਰਹਿਣਾ
ਚਾਹੁੰਦੀ ਹੈ
ਪੱਥਰ ਦੀ ਉਹ ਮੂਰਤੀ ਹੁਣ
ਅਪਾਹਿਜ ਹੋ ਚੁੱਕੀ ਹੈ
ਰੋਜ਼ ਰੋਜ਼ ਮਰ ਰਹੀ ਹੈ
ਲੋਕਾਂ ਦੇ ਭੈੜੇ ਭੈੜੇ ਤੇ ਭੱਦੇ
ਤਾਅਨਿਆਂ ਦੇ ਨਾਲ

ਉਹ ਬਾਹਰ ਨਿਕਲਣ ਤੋਂ
ਡਰਦੀ ਹੈ
ਕੈਦ ਕਰ ਬੈਠੀ ਹੈ
ਆਪਣੇ ਆਪ ਨੂੰ ਉਹ
ਇੱਕ ਹਨੇਰੀ ਕੋਠੜੀ ਵਿੱਚ
ਤਾਂ ਕਿ ਉਸ ਪਾਸ ਕੋਈ ਨਾ ਪਹੁੰਚ ਸਕੇ
ਪੱਥਰ ਬਣ ਚੁੱਕੀ ਹੈ
ਉਹ ਮੂਰਤ।
✪

## ਉਹ ਡਰਦੀ ਹੈ

ਉਹ ਜੰਗਲ ਵਿੱਚ ਗਵਾਚੀ
ਰਸਤਾ ਪੁੱਛਣ ਦੀ ਹਿੰਮਤ ਨਹੀਂ
ਕਰਦੀ
ਹਰ ਚਿਹਰੇ ਵਿੱਚ
ਉਸਨੂੰ
ਇੱਕ ਖੂੰਖਾਰ ਭੇੜੀਆ ਦਾਨਵ ਜਿਹਾ
ਨਜ਼ਰ ਆਉਂਦਾ ਹੈ
ਕਿਤੇ ਗਲਤ ਰਸਤੇ ਨਾ ਧਕੇਲ ਦਏ
ਉਸਨੂੰ
ਜੇ ਕਿਤੇ ਭੁੱਲ ਭੁਲੇਖੇ
ਉਹ ਕਿਸੇ ਤੋਂ ਰਸਤਾ ਪੁੱਛ ਬੈਠੀ ਤਾਂ

ਉਸਨੂੰ
ਹੁਣ ਚੰਗੇ ਲੋਕਾਂ ਤੋਂ ਵੀ
ਡਰ ਲੱਗਦਾ ਹੈ
ਉਸਦਾ ਯਕੀਨ ਟੁੱਟ ਚੁੱਕਾ ਹੈ
ਕਿਸ ਤੇ ਕਰੇ ਯਕੀਨ ਉਹ ਹੁਣ
ਕਿਤੇ ਫਰਿਸ਼ਤਾ ਵੀ ਸ਼ੈਤਾਨ ਨਾ ਨਿੱਕਲੇ
ਕਿਉਂਕਿ
ਸ਼ੈਤਾਨ ਹੁਣ ਫਰਿਸ਼ਤੇ ਦੇ ਭੇਸ ਵਿੱਚ ਹੀ
ਨਿੱਕਲਦਾ ਹੈ
ਡਰ ਲੱਗ ਰਿਹਾ ਹੈ ਉਸਨੂੰ ਬਹੁਤ ਹੁਣ
ਕਿ ਉਹ ਕਿਸਤੋਂ ਰਸਤਾ ਪੁੱਛੇ
ਤਾਂ ਕਿ
ਆਪਣੇ ਘਰ ਸਹੀ ਸਲਾਮਤ
ਪਹੁੰਚ ਸਕੇ।
✪

## ਜਾਇਦਾਦ

ਉਹ ਆਪਣਾ ਹੱਕ ਸਮਝਦਾ ਹੈ
ਹਰ ਪਲ਼
ਉਸਨੂੰ ਝਿੜਕਣਾ
ਦਬਾਕੇ ਰੱਖਣਾ
ਉਹ ਆਪਣਾ ਹੱਕ ਸਮਝਦਾ ਹੈ

ਕੁੱਝ ਪਲ਼ ਉਸਦੇ
ਪਿਆਰ ਦਾ ਇਜ਼ਹਾਰ ਕਰ
ਪਿਆਰ ਜਤਾਉਣਾ
ਖਿਡੌਣੇ ਦੀ ਤਰ੍ਹਾਂ ਵਿਵਹਾਰ ਕਰਨਾ
ਉਹ ਆਪਣਾ ਕੰਮਕਾਰ ਸਮਝਦਾ ਹੈ

ਉਸਦੇ ਮਨ ਵਿੱਚ
ਉਹਨਾਂ ਪਲ਼ਾਂ ਵਿੱਚ
ਕੀ ਕੁਝ ਚੱਲਿਆ
ਕੀ ਕੁਝ ਭੱਜਿਆ ਟੁੱਟਿਆ
ਉਸਤੋਂ ਉਹ ਅਣਜਾਣ ਹੈ ਰਹਿੰਦਾ
ਉਸਨੂੰ ਤੋੜਨਾ ਭੰਨਣਾ
ਉਹ ਆਪਣਾ ਹੱਕ ਸਮਝਦਾ ਹੈ

ਬੇਸ਼ੱਕ
ਉਹ ਵੀ ਉਸਦੀ ਇਸ ਆਦਤ ਤੋਂ
ਜਾਣੂ ਹੈ
ਇਸੇ ਲਈ ਤਾਂ
ਉਹ ਉਸਨੂੰ ਝੱਲ ਰਹੀ ਹੈ
ਅਜੀਬ ਜਿਹੇ ਪਿਆਰ ਦੇ ਸਦਕੇ
ਅਜੀਬ ਜਿਹੇ ਸਤਿਕਾਰ ਦੇ ਸਦਕੇ
ਉਸਤੋਂ ਬਿਨਾਂ ਉਹ ਰਹਿ ਨਹੀਂ ਸਕਦੀ
ਜੀ ਨਹੀਂ ਸਕਦੀ ਮਰ ਨਹੀਂ ਸਕਦੀ
ਰੁੜ੍ਹ ਨਹੀਂ ਸਕਦੀ ਤਰ ਨਹੀਂ ਸਕਦੀ
ਕਿਸ਼ਤਾਂ ਦੇ ਵਿੱਚ ਨਿਭਾ ਰਹੀ ਹੈ
ਉਸ ਸੰਗ
ਜਿਵੇਂ ਕਿ ਉਸਦੀ ਉਹ
ਜਾਇਦਾਦ ਹੋਵੇ। ✪

## ਮੂਰਤੀ

ਉਹ ਚਾਹੁੰਦਾ ਹੈ
ਕਿ
ਉਹ ਸੰਗਮਰਮਰ ਦੀ ਇੱਕ ਮੂਰਤੀ ਦੇ
ਵਾਂਗ
ਦੇਵੀ ਹੀ ਬਣੀ ਰਹੇ
ਜਿਸ ਅੱਗੇ ਉਹ
ਮੱਥਾ ਟੇਕੇ
ਥੋੜ੍ਹੇ ਜਿਹੇ ਪੈਸੇ ਚੜ੍ਹਾ ਦਏ
ਤੇ ਪ੍ਰਾਥਨਾ ਕਰੇ ਕਿ
ਉਹ ਉਸਦੀ ਹਰ ਚਾਹਤ ਪੂਰੀ ਕਰੇ

ਉਸਦੀਆਂ ਨਾਕਾਮੀਆਂ ਨੂੰ
ਨਜ਼ਰ ਅੰਦਾਜ਼ ਕਰੇ
ਉਹ ਚਾਹੁੰਦਾ ਹੈ
ਕਿ ਸੰਗਮਰਮਰ ਦੀ ਮੂਰਤੀ ਦੇ ਵਾਂਗ
ਉਸਦੀ ਖ਼ੂਬਸੂਰਤੀ ਵੀ ਬਰਕਰਾਰ ਰਹੇ
ਤੇ ਉਹ ਉਸਨੂੰ ਨਿਹਾਰਦਾ ਰਹੇ

ਉਹ ਬੇਦਾਗ਼ ਹੋਵੇ
ਉਸ ਵਿੱਚ ਕੋਈ ਐਬ ਨਾ ਹੋਵੇ
ਉਹ ਜਵਾਨ ਰਹੇ
ਉਹ ਬੇਜ਼ੁਬਾਨ ਰਹੇ
ਉਸਦਾ ਸ਼ੌਕ ਹੈ
ਉਸਨੂੰ ਸੋਨੇ ਦੇ ਪਿੰਜਰੇ ਵਿੱਚ ਕੈਦ
ਕਰ ਰੱਖਣਾ
ਦੌਲਤ ਦੀ ਤੱਕੜੀ ਵਿੱਚ ਤੋਲਣਾ

ਉਹ ਚਾਹੁੰਦਾ ਹੈ
ਕਿ ਉਸਦੀ ਜ਼ੁਬਾਨ ਤੇ ਖਾਮੋਸ਼ੀ ਦਾ
ਤਾਲਾ ਲੱਗਿਆ ਰਹੇ

ਜਿਸ ਨੂੰ ਉਹ ਜਦ ਜੀ ਚਾਹੇ ਖੋਲ੍ਹੇ
ਉਹ ਚਾਹੁੰਦਾ ਹੈ ਕਿ ਉਹ ਸੰਗਮਰਮਰ ਦੀ
ਮੂਰਤੀ ਵਾਂਗ
ਦੇਵੀ ਹੀ ਬਣੀ ਰਹੇ
ਪਰ ਉਹ ਆਪ
ਕੋਈ ਦੇਵਤਾ ਬਣਨ ਤੋਂ
ਇਨਕਾਰੀ ਹੈ
ਉਸਨੂੰ ਤਾਂ ਆਪਣਾ
ਸ਼ੈਤਾਨ
ਹੈਵਾਨ
ਹੋਣਾ ਹੀ ਮਨਜ਼ੂਰ ਹੈ।
✪

## ਕੋਈ ਹੱਕ ਨਹੀਂ ਹੈ

ਉਸਨੂੰ ਕੋਈ ਹੱਕ ਨਹੀਂ ਹੈ
ਕਿ ਉਹ
ਆਪਣੀ ਜ਼ਿੰਦਗੀ ਜੀਵੇ
ਆਪਣੀ ਮਰਜ਼ੀ ਮੁਤਾਬਿਕ

ਜੇ ਉਹ
ਵਿਰੋਧ ਕਰਦੀ ਹੈ
ਤਾਂ ਇਹ ਸ਼ਬਦ ਸੁਣਦੀ ਹੈ ਕਿ
ਉਹ ਦੂਸਰਿਆਂ ਨੂੰ ਮਸ਼ਵਰੇ ਦਿੰਦੀ ਹੈ
ਪਰ ਆਪ ਕਿਸ ਤਰ੍ਹਾਂ ਦੀ ਹੈ?

ਉਹ ਬੇਸ਼ੱਕ ਆਪ ਦੂਸਰਿਆਂ ਨੂੰ ਮਸ਼ਵਰੇ
ਦਿੰਦਾ ਰਹੇ
ਜੋ ਵੀ ਚਾਹੇ ਕਰੇ
ਉਸਨੂੰ ਕੋਈ ਵੀ ਕੁੱਝ ਨਹੀਂ
ਕਹਿ ਸਕਦਾ

ਉਸਦਾ ਹੱਕ ਹੈ
ਦੋਹਰਾ ਕਿਰਦਾਰ ਨਿਭਾਉਣ ਦਾ
ਉਹ ਤਾਂ ਸਦੀਆਂ ਤੋਂ ਕਰਦਾ ਆਇਆ ਹੈ
ਇਸੇ ਤਰ੍ਹਾਂ ਹੀ
ਤੇ ਕਰਦਾ ਹੀ ਰਹੇਗਾ
ਕਿਉਂਕਿ ਸਭ ਹੱਕ ਉਸਦੇ ਨੇ
ਤੇ ਉਸਦਾ ਕੋਈ ਵੀ ਹੱਕ
ਨਹੀਂ ਹੈ।
✪

## ਬਹਾਨੇ

ਉਹ ਆਪਣਾ ਪੱਖ ਪੂਰਨ ਲਈ
ਆਪਣੀ ਹੀ ਗੱਲ ਮਨਾਵਣ ਲਈ
ਖ਼ੁਦ ਨੂੰ ਹੀ ਸਹੀ ਦਰਸਾਵਣ ਲਈ
ਆਪਣੀ ਹੀ ਗੱਲ ਪੁਗਾਵਣ ਲਈ
ਕਿੰਨੇ ਹੀ, ਕਿੰਨੇ ਹੀ
ਬਹਾਨੇ ਘੜ ਲੈਂਦਾ ਹੈ

ਕਰ ਲੈਂਦਾ ਹੈ ਸਹੀ ਸਾਬਿਤ ਆਪਣੇ
ਆਪ ਨੂੰ
ਦੂਸਰਿਆਂ ਦੇ ਸਾਹਮਣੇ
ਪਰ ਉਹ ਇਹ ਤਾਂ ਭੁੱਲ ਹੀ ਜਾਂਦਾ ਹੈ
ਕਿ ਜਿਸਨੂੰ ਉਹ ਆਪਣੀ ਜ਼ਿੰਦਗੀ ਹੈ
ਦੱਸਦਾ
ਉਸਨੂੰ ਉਸਦੇ ਸਭ ਪੈਂਤੜਿਆਂ ਦਾ
ਪਤਾ ਹੈ

ਹੁਣ ਉਸਨੂੰ ਵੀ ਕੋਈ ਫ਼ਰਕ ਨਹੀਂ ਪੈਂਦਾ
ਕਿਉਂਕਿ ਉਹ ਉਸਦੇ ਕੁਝ ਕਰਨ
ਕੁਝ ਵੀ ਕਹਿਣ ਤੋਂ ਪਹਿਲਾਂ ਹੀ ਸਭ
ਜਾਣ ਲੈਂਦੀ ਹੈ ਕਿ
ਉਹ ਕੀ ਕਰਨ ਵਾਲਾ ਹੈ
ਉਹ ਕੀ ਕਹਿਣ ਵਾਲਾ ਹੈ

ਉਹ ਉਸਨੂੰ ਐਨਾ ਜ਼ਿਆਦਾ ਪੜ੍ਹ
ਚੁੱਕੀ ਹੈ
ਉਹ ਉਸਨੂੰ ਨੀਵਾਂ ਦਿਖਾਉਣ
ਲਈ

ਉਸਨੂੰ ਝੂਠਾ ਦਰਸਾਉਣ ਲਈ
ਹਰ ਪਲ਼ ਕੋਈ ਨਾ ਕੋਈ ਸਕੀਮ
ਘੜਦਾ ਹੀ ਰਹਿੰਦਾ ਹੈ
ਪਰ! ਉਹ ਅਣਜਾਣ ਹੈ
ਕਿ ਹੁਣ ਤਾਂ ਉਸ ਨੂੰ ਵੀ ਕੋਈ ਫ਼ਰਕ
ਨਹੀਂ ਪੈਂਦਾ
ਕਿਉਂਕਿ ਉਹ ਤਾਂ ਚਾਹੁੰਦੀ ਸੀ
ਕਿ ਉਹ ਆਪਣੇ ਦਿਲ ਦੇ ਮਹਿਰਮ
ਦੇ ਲਈ
ਹੋਵੇ ਇੱਕ ਖੁੱਲ੍ਹੀ ਕਿਤਾਬ ਵਾਂਗ
ਜਿਸਦੇ ਹਰ ਸਫ਼ੇ ਤੋਂ ਉਹ
ਜਾਣੂ ਹੋਵੇ

ਪਰ ਉਸਨੂੰ ਤਾਂ ਦੁੱਖ
ਇਸ ਗੱਲ ਦਾ ਹੈ
ਕਿ ਉਹ ਅਜੇ ਤੱਕ ਉਸਨੂੰ
ਪੜ੍ਹ ਨਹੀਂ ਸਕਿਆ
ਬੇਸ਼ੱਕ ਉਹ ਬਹੁਤ ਸਮਝਦਾਰ
ਸਮਝਦਾ ਹੈ
ਖ਼ੁਦ ਨੂੰ
ਪਰ ਉਹ ਉਸਦੀ ਸਿਸਕਦੀ ਹੋਈ
ਅਧੂਰੀ ਕਿਤਾਬ ਹੈ
ਤੇ ਸਦਾ ਹੀ ਰਹੇਗੀ।
✪

## ਸੁਪਨਲੋਕ

ਸੁਫ਼ਨਿਆਂ ਦੇ ਸ਼ਹਿਰ ਵਿੱਚ
ਕਿੰਨਾ ਕੁਝ ਕਰ ਲੈਂਦੀ ਹੈ ਉਹ
ਜੋ ਨਾ ਵੀ ਜਰਿਆ ਜਾ ਸਕੇ
ਜਰ ਲੈਂਦੀ ਹੈ ਉਹ
ਜੋ ਕੋਈ ਨਹੀ ਸਹਿ ਸਕਦਾ
ਸਹਿ ਲੈਂਦੀ ਹੈ ਉਹ

ਬੇਸ਼ੱਕ ਹਾਰੀ ਬੈਠੀ ਹੈ
ਦੁਨੀਆਂ ਵੀ ਜਿੱਤ ਲੈਂਦੀ ਹੈ
ਉਹ
ਉਹ ਨਹੀਂ ਚਾਹੁੰਦੀ ਕਿ ਜਦੋਂ
ਦਿਨ ਚੜ੍ਹੇ
ਤੇ ਸਵੇਰੇ ਉੱਠਕੇ ਜਦੋਂ ਉਸਨੂੰ
ਆਪਣੇ ਘਰ ਤੋਂ ਕੰਮ ਲਈ
ਤੇ ਆਪਣੀ ਧੀ ਨੂੰ ਸਕੂਲ
ਪੜ੍ਹਨ ਛੱਡਣ ਜਾਣਾ ਪਵੇ
ਸੜਕਾਂ ਤੇ ਖੜ੍ਹੇ
ਆਦਮਖ਼ੋਰ ਖ਼ੂੰਖਾਰ ਦਰਿੰਦੇ
ਆਪਣੀਆਂ ਖ਼ੂੰਖਾਰ ਅੱਖਾਂ ਦੇ ਨਾਲ
ਉਸਦੀ ਧੀ ਦੀ ਇੱਜ਼ਤ ਲੀਰੋ ਲੀਰ ਕਰ
ਦੇਵਣ
ਤੇ ਆਪਣੀ ਭੱਦੀ ਸ਼ਬਦਾਵਲੀ ਦੇ ਨਾਲ
ਤਨ ਮਨ
ਗੰਧਲਾ ਕਰ ਦੇਵਣ

ਇਸ ਲਈ
ਉਹ ਨਹੀਂ ਚਾਹੁੰਦੀ
ਕਿ ਦਿਨ ਚੜ੍ਹੇ
ਤੇ ਉਹ ਆਪਣੇ ਸੁਫ਼ਨਿਆਂ ਦੇ ਇਸ ਸ਼ਹਿਰ ਵਿੱਚ
ਰੋਜ਼ ਇਸ ਤਰ੍ਹਾਂ ਦਾ
ਘਿਣਾਉਣਾ ਮੰਜ਼ਰ ਦੇਖੇ।
✪

## ਕੁਝ ਕਹਿਣਾ ਚਾਹੁੰਦੀ ਹੈ

ਉਹ ਕੁਝ ਕਹਿਣਾ ਚਾਹੁੰਦੀ ਹੈ
ਉਹ ਕੁਝ ਸੁਣਨਾ ਚਾਹੁੰਦੀ ਹੈ
ਉਹ ਕੁਝ ਕਹਾਉਣਾ ਚਾਹੁੰਦੀ ਹੈ
ਉਹ ਕੁਝ ਸੁਣਾਉਣਾ ਚਾਹੁੰਦੀ ਹੈ

ਪਰ ਉਹ! ਉਸਦੇ ਬੋਲਣ ਤੋਂ ਪਹਿਲਾਂ ਹੀ
ਉਸਦੇ ਕੋਮਲ ਬੁੱਲ੍ਹਾਂ ਤੇ ਆਪਣੇ ਹੱਥ
ਧਰ ਦਿੰਦਾ ਹੈ
ਉਸਦੇ ਜਿਸਮ ਤੇ ਰੀਂਘਦਾ ਹੋਇਆ
ਆਪਣੀ ਹਵਸ ਪੂਰਾ ਕਰ ਦੱਸਦਾ ਹੈ

ਕਿ ਉਹ
ਉਸਨੂੰ ਕਿੰਨਾ ਪਿਆਰ ਕਰਦਾ ਹੈ
ਉਸ ਤੋਂ ਬਿਨਾਂ ਜੀ ਨਹੀਂ ਸਕਦਾ
ਪਰ ਉਹ ਕੁਝ ਨਾ ਕਹੇ
ਕੁੱਝ ਵੀ ਨਾ ਬੋਲੇ
ਕਿਉਂਕਿ! ਉਹ ਕੁੱਝ ਵੀ ਸੁਣਨਾ
ਨਹੀਂ ਚਾਹੁੰਦਾ।
✪

## ਪਰਦਾ

ਉਹ ਜੋ ਦਿਸਦੀ ਹੈ
ਉਹ ਤਾਂ
ਉਹ ਹੈ ਹੀ ਨਹੀਂ
ਉਹ ਇਸ ਤਰ੍ਹਾਂ ਦੀ ਕਿਉਂ ਹੈ?
ਉਹ ਬਹੁਤ ਆਧੁਨਿਕ ਹੈ
ਬੇਸ਼ੱਕ!
ਡਰ ਤਾਂ ਉਸਨੂੰ ਵੀ ਹੈ
ਲੋਕ ਆਹ ਕਹਿਣਗੇ ਲੋਕ
ਉਹ ਕਹਿਣਗੇ

ਉਹ ਪਰਦਾ ਉਠਾਉਣਾ
ਚਾਹੁੰਦੀ ਹੈ
ਹੋ ਜਾਣਾ ਚਾਹੁੰਦੀ ਹੈ ਰੂਬਰੂ ਸਭ ਦੇ
ਸਾਹਮਣੇ
ਆਤਮਾ ਤੋਂ ਬੋਝ ਇੱਕ ਉਠਾਉਣਾ
ਚਾਹੁੰਦੀ ਹੈ
ਅੰਦਰੋਂ ਬਾਹਰੋਂ ਖ਼ੁਦ ਨਾਲ ਇੱਕ ਮਿੱਕ
ਹੋਣਾ ਚਾਹੁੰਦੀ ਹੈ
ਅੰਦਰ ਬਾਹਰ ਦੇ ਇਸ ਘੋਲ ਤੋਂ ਹੁਣ ਬਹੁਤ
ਥੱਕ ਚੁੱਕੀ ਹੈ
ਕਰ ਦੇਣਾ ਚਾਹੁੰਦੀ ਹੈ ਆਪਣੀ ਆਤਮਾ
ਸਭ ਦੇ ਸਾਹਮਣੇ ਸਾਕਾਰ
ਆਪਣੇ ਸੁਫ਼ਨਿਆਂ ਦੇ ਵਹਿਣ 'ਚ
ਹੁਣ ਉਹ
ਵਹਿਣਾ ਚਾਹੁੰਦੀ ਹੈ

ਪਰ ਫਿਰ
ਡਰ ਜਾਂਦੀ ਹੈ
ਕਿਤੇ ਕੋਈ ਕਹਿਰ ਨਾ ਵਰਸ ਜਾਏ
ਕਿਤੇ ਕੋਈ ਸਿਤਮ ਨਾ ਢਾਹ ਦਏ
ਤਾਹਨਿਆਂ ਦੇ ਭੈਅ ਤੋਂ ਡਰਕੇ
ਲੋਕਾਂ ਦੇ ਡਰ ਦੀ ਚਾਦਰ ਲਪੇਟ
ਢੱਕ ਲੈਂਦੀ ਹੈ ਫਿਰ ਉਹ ਆਪਣਾ ਆਪ
ਉਹ ਸਹਿਮ ਜਾਂਦੀ ਹੈ
ਤੇ ਉਹ 'ਉਹ' ਹੀ ਬਣ ਜਾਂਦੀ ਹੈ
ਜੋ ਉਹ ਹੈ ਹੀ ਨਹੀਂ।
✪

## ਮਰਦਾਂ ਦੀ ਦੀਵਾਰ

ਉਸਦੇ ਚਾਰ ਚੁਫੇਰੇ
ਮਰਦ ਦੀਵਾਰ ਬਣਾਈ ਖੜ੍ਹੇ ਨੇ
ਹਰ ਮੋੜ ਤੇ
ਹਰ ਖੇਤਰ ਵਿੱਚ
ਉਸਨੂੰ ਮਰਦਾਂ ਦੀ ਹੀ ਭੀੜ ਨਜ਼ਰ
ਆਉਂਦੀ ਹੈ
ਮਰਦਾਂ ਦੀ ਹੀ ਦੀਵਾਰ ਖੜ੍ਹੀ ਨਜ਼ਰ
ਆਉਂਦੀ ਹੈ

ਉਹ ਇਸ ਭੀੜ ਵਿੱਚ ਇੱਕ
ਤਿਨਕੇ
ਦੀ ਤਰ੍ਹਾਂ ਹੀ ਖੜ੍ਹੀ ਹੈ
ਮਰਦਾਂ ਦੀ ਇਹ ਜੋ ਦੀਵਾਰ ਹੈ
ਉਹ ਇਸ ਦੀਵਾਰ ਦੇ ਪਿੱਛੇ ਦੂਰ ਕਿਤੇ
ਲੁਕ ਜਾਂਦੀ ਹੈ
ਉਹ ਮਰਦਾਂ ਦੀ ਇਸ ਲੰਬੀ ਦੀਵਾਰ ’ਚ
ਇੱਕ ਮੁਕੰਮਲ
ਸਾਥੀ ਲੱਭਦੀ ਹੈ
ਪਰ ਉਹ ਡਰ ਜਾਂਦੀ ਹੈ
ਕਿ
ਕਿਤੇ ਇਹ ਤਲਾਸ਼ ਵੀ ਉਸ ਨੂੰ
ਛਲਾਵਾ ਨਾ ਦੇ ਦੇਵੇ
ਹੁਣ ਉਹ ਆਪਣੀਆਂ ਡਰੀਆਂ ਨਜ਼ਰਾਂ
ਦੇ ਨਾਲ
ਮਰਦਾਂ ਦੀ ਝੂਠੀ ਕਿਤਾਬ ਨੂੰ
ਪੜ੍ਹਦੀ ਹੈ
ਜੋ ‘ਕਿਤਾਬ’ ਮੁਕੰਮਲ ਨਹੀਂ ਹੈ
ਜਿਸਦਾ ਹਰ ਸਫ਼ਾ ਅਧੂਰਾ ਹੈ
ਮਰਦ ਉਸ ਨੂੰ ਬੀਆਬਾਨ ਖੰਡਰ
ਜਾਪਦੇ ਨੇ
ਉਸਤੇ
ਮੁਸਕੜੀਆਂ ਲਈ ਹੱਸਦੇ ਨਜ਼ਰ

ਆਉਂਦੇ ਨੇ
ਜੋ ਨਹੀਂ ਚਾਹੁੰਦੇ ਕਿ ਉਹ ਉਹਨਾਂ
ਤੋਂ ਅੱਗੇ ਲੰਘ ਜਾਏ
ਤੇ ਉਹਨਾਂ ਦੇ ਅਹਮ ਨੂੰ
ਸੱਟ ਵੱਜੇ

ਫਿਰ ਉਹ ਉਸਦੇ
ਚਾਰ ਚੁਫੇਰੇ ਇੱਕ ਪੱਕੀ ਦੀਵਾਰ ਖੜ੍ਹੀ
ਕਰ ਦਿੰਦੇ ਨੇ
ਉਹ ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਵੀ
ਮਰਦਾਂ ਦੀ ਖੜ੍ਹੀ ਕੀਤੀ ਦੀਵਾਰ ਦੇ
ਪਿੱਛੇ ਹੀ
ਦਫ਼ਨ ਹੋ ਜਾਂਦੀ ਹੈ।
✪

## ਗਲਾਸੀ

ਮਹਿਫ਼ਲ ਦੇ ਵਿੱਚ
ਗਲਾਸੀ ਤੇ ਗਲਾਸੀ ਚਾੜ੍ਹਦੇ
ਖੀ-ਖੀ ਕਰ ਹੱਸਦੇ ਮਰਦ
ਉਸਨੂੰ
ਵਹਿਸ਼ੀ ਦਰਿੰਦੇ ਜਾਪਦੇ ਨੇ

ਕਿਉਂਕਿ
ਜੇਕਰ ਉਸ ਨੇ ਹੱਸ ਵੀ ਲਿਆ ਤਾਂ
ਉਹ ਉਸਦੇ ਹੱਸਣ ਦਾ ਮਿਆਰ
ਤੈਅ ਕਰਨਗੇ
ਇੱਕ ਦੂਜੇ ਦੇ ਨਾਲ ਮੁਸਕੜੀਆਂ ਲਈ
ਚਟਕਾਰੇ ਲਾ ਲਾ ਕਰਨਗੇ
ਉਸਦੇ ਚਰਿੱਤਰ ਦਾ ਵਿਸ਼ਲੇਸ਼ਣ

'ਕਿ ਜੇ
ਉਹ ਹੱਸ ਪਈ
ਤਾਂ ਫੱਸ ਗਈ'

ਪਰ ਅੱਜ ਤੱਕ ਉਸਨੇ ਤਾਂ ਕਦੇ ਵੀ
ਤੈਅ ਨਹੀਂ ਕੀਤਾ
ਕਿਰਦਾਰ ਕਿਸੇ ਮਰਦ ਦਾ
ਇਸ ਸਮੀਕਰਨ ਤੇ ਖ਼ਿਆਲ ਦੇ ਨਾਲ
ਕਿ ਉਹ
ਹੱਸ ਪਿਆ
ਤਾਂ ਸਮਝੋ ਫੱਸ ਗਿਆ।
✪

## ਹੰਕਾਰ

ਉਹ ਚਾਹੁੰਦਾ ਹੈ ਕਿ
ਉਹ
ਲਾਸ਼ ਬਣ ਕੇ ਪਈ ਰਹੇ
ਤੇ ਉਹ ਉਸ ਨਾਲ
ਉਹ ਸਭ ਕੁਝ ਕਰਦਾ ਰਹੇ
ਜੋ ਉਸਦਾ ਦਿਲ ਕਹੇ

ਕਿਉਂਕਿ
ਉਹ
ਉਸਨੂੰ
ਜਿਉਂਦੀ ਜਾਗਦੀ ਚੰਗੀ ਨਹੀਂ ਲੱਗਦੀ
ਉਹ ਨਹੀਂ ਚਾਹੁੰਦਾ
ਉਹ ਨਹੀਂ ਚਾਹੁੰਦਾ ਕਿ ਉਹ ਉਸਨੂੰ
ਕੋਈ ਵੀ
ਸਵਾਲ ਕਰੇ
ਕਿਉਂਕਿ
ਸਵਾਲ ਕਰਨ ਤੇ ਪੁੱਛਣ ਦਾ
ਹੱਕ ਸਿਰਫ਼ ਉਸਦਾ ਹੀ ਹੈ

ਉਹ ਨਹੀ ਚਾਹੁੰਦਾ ਕਿ
ਉਹ ਉਡਾਨ ਭਰ ਸਕੇ
ਖੁੱਲ੍ਹੇ ਅਸਮਾਨ ਦੇ ਵਿੱਚ
ਤੇ ਅੰਬਰਾਂ ਦੇ ਚੰਦ ਤੇ ਹੱਥ ਆਪਣਾ
ਧਰਕੇ
ਤੇ ਕਹਿ ਦੇਵੇ
ਉਸਨੂੰ ਕਿ
ਹੁਣ ਤੇਰਾ ਕੱਦ ਮੇਰੇ ਤੋਂ ਬੌਣਾ ਹੈ
ਇਸ ਲਈ
ਉਹ ਚਾਹੁੰਦਾ ਹੈ ਕਿ
ਉਹ ਲਾਸ਼ ਬਣੀ ਰਹੇ ਤੇ

ਉਹ ਉਸਨੂੰ ਭੋਗਦਾ ਰਹੇ
ਪਰ ਉਹ ਕੋਈ ਸਵਾਲ ਨਾ ਕਰੇ

ਕਿਉਂਕਿ
ਉਸਦੇ ਬਾਹਰ ਨਿਕਲਣ ਨਾਲ
ਉਸਦੀ ਆਪਣੀ ਹੋਂਦ ਨੂੰ ਖਤਰਾ ਹੈ
ਉਸਦੇ ਅਹਮ ਨੂੰ ਸੱਟ ਵੱਜਦੀ ਹੈ

ਇੱਕ ਲਾਸ਼
ਕਿਵੇਂ ਜਿੰਦਾ ਹੋ ਸਕਦੀ ਹੈ
ਕਿਵੇਂ ਮਾਰ ਸਕਦੀ ਹੈ ਅੰਬਰੀਂ ਉਡਾਰੀਆਂ
ਇਸ ਲਈ ਉਹ ਚਾਹੁੰਦਾ ਹੈ ਕਿ
ਉਹ ਸਦਾ
ਲਾਸ਼ ਹੀ ਬਣੀ ਰਹੇ।
✪

## ਪੱਥਰਾਈਆਂ ਅੱਖਾਂ

ਉਹ ਪੱਥਰਾਈਆਂ ਅੱਖਾਂ ਨਾਲ
ਫ਼ਰੋਲਦੀ ਹੈ ਅਤੀਤ ਦੇ ਵਰਕੇ
ਟਟੋਲਦੀ ਹੈ ਵਜੂਦ ਆਪਣਾ
ਉਸਨੂੰ ਕਿਤੇ ਵੀ ਆਪਣਾ ਆਪ
ਨਜ਼ਰ ਨਹੀਂ ਆਉਂਦਾ

ਹਰ ਤਸਵੀਰ ਵਿੱਚ ਉਸਨੂੰ
ਉਸ ਉੱਪਰ
ਕਿਸੇ ਨਾ ਕਿਸੇ ਦੀ ਹਕੂਮਤ
ਦਿੱਸਦੀ ਹੈ
ਕਦੀ ਪਿਤਾ
ਕਦੀ ਭਰਾ
ਉਸਦਾ ਤਸੱਵਰ ਘੜਦੇ ਨੇ

ਹੁਣ ਵਾਰੀ ਹੈ ਉਸਦੀ
ਜਿਸਨੂੰ ਦੁਨੀਆ ਉਸਦਾ
ਪਤੀ ਕਹਿੰਦੀ ਹੈ
ਕੱਲ੍ਹ ਨੂੰ ਸ਼ਾਇਦ ਇਹ ਤਸੱਵਰ
ਉਸਦੇ ਪੁੱਤਰ ਘੜਨਗੇ
ਉਸਦਾ
ਉਹ ਪੱਥਰਾਈਆਂ ਅੱਖੀਆਂ ਨਾਲ ਹੁਣ
ਆਪਣਾ ਭਵਿੱਖ ਦੇਖ ਰਹੀ ਹੈ

ਉਹ ਵਰਕਾ
ਅਜੇ ਤੱਕ ਉਸਦੀ ਜ਼ਿੰਦਗੀ ਦੀ
ਕਿਤਾਬ ਵਿੱਚ
ਲਿਖਿਆ ਹੀ ਨਹੀਂ ਗਿਆ
ਜਿਸ ਵਿੱਚ ਉਸਨੇ ਕਦੇ
ਆਪਣੇ ਆਪ ਨੂੰ
ਲਿਖਿਆ ਹੋਵੇ
ਪੜ੍ਹਿਆ ਹੋਵੇ
ਸਰਾਹਿਆ ਹੋਵੇ
ਤਰਾਸ਼ਿਆ ਹੋਵੇ
ਸਮਝਿਆ ਹੋਵੇ
ਉਹ ਪੱਥਰਾਈਆਂ ਨਜ਼ਰਾਂ ਦੇ ਨਾਲ
ਇਹ ਸੋਚ ਰਹੀ ਹੈ
ਕਿ
ਉਸਦੇ ਸਭ ਸੁਫ਼ਨੇ
ਪੱਥਰਾਂ ਤੋਂ ਵੀ ਬਦਤਰ ਹਨ।
✪

## ਤਸਵੀਰ

ਉਸਦੀ ਰੂਹ ਤੇ ਛਾਲੇ
ਦਿਲ 'ਚ ਜ਼ਖਮ
ਅੰਦਰੋਂ ਪੱਥਰ
ਬਾਹਰੋਂ ਸੰਗਮਰਮਰ ਦੀ ਮੂਰਤੀ
ਉਹ
ਨਜ਼ਰ ਆਉਂਦੀ ਹੈ

ਮਨ ਨੂੰ ਲੁਭਾਉਂਦੀ ਹੈ
ਦਿਲਕਸ਼ ਜਿਹੀ
ਹਰ ਕਿਸੇ ਦੇ ਕਹਿਰ ਨੂੰ
ਸਹਿੰਦੀ ਹੈ
ਪਰ ਅੰਦਰਲੇ ਖੰਡਰ ਨੂੰ
ਉਸਦੀ ਤਸਵੀਰ
ਲੁਕਾਉਂਦੀ ਹੈ।
✪

## ਬੁਤਘਾੜਾ

ਉਸਦਾ ਤਨ ਮਨ
ਵਿੰਨ੍ਹ ਸੁੱਟਿਆ
ਜ਼ਹਿਰ ਉੱਗਲਦੇ
ਸ਼ਬਦਾਂ ਦੇ ਤੀਰਾਂ ਦੇ ਨਾਲ

ਉਸਦੇ ਅੰਦਰ ਬਾਹਰ
ਹੈ ਸੰਨਾਟਾ
ਲੱਭ ਰਹੀ ਹੈ
ਕੋਈ ਐਸਾ ਵੈਦ
ਜੋ ਉਸਦੇ ਅੱਲੇ ਜ਼ਖ਼ਮਾਂ ਤੇ
ਪਿਆਰ ਦੀ ਕੋਈ ਮਲ੍ਹਮ ਲਾ ਦੇਵੇ
ਉਹ ਅੰਦਰੋਂ-ਬਾਹਰੋਂ ਬਹੁਤ
ਟੁੱਟ ਚੁੱਕੀ ਹੈ
ਕਿਸੇ ਜੋੜਨ ਵਾਲੇ ਦੀ ਤਲਾਸ਼
'ਚ ਹੈ
ਜੋ ਤਿੜਕ ਰਹੀ ਉਸਦੀ
ਮਨ-ਮੂਰਤ ਨੂੰ ਜੋੜ ਸਕੇ।
✪

## ਲਾਚਾਰ

ਉਹ ਉਸਨੂੰ ਤੋੜਨਾ
ਚਾਹੁੰਦਾ ਹੈ
ਹਰ ਵਕਤ
ਉਹ ਉਸਨੂੰ ਨੀਵਾਂ ਦਿਖਾਉਣਾ
ਚਾਹੁੰਦਾ ਹੈ
ਹਰ ਵਕਤ

ਤਾਂ ਕਿ
ਉਹ ਕਦੇ ਵੀ ਉੱਠ ਨਾ ਸਕੇ
ਤੇ ਉਹ ਸਦਾ
ਟੁੱਟੀ ਹੀ ਰਹੇ

ਆਪਣੀ ਲਾਚਾਰੀ ਦਾ ਮਾਤਮ
ਮਨਾਉਂਦੀ ਰਹੇ
ਤੜਪਦੀ ਰਹੇ
ਸੁਲਗ਼ਦੀ ਰਹੇ
ਪਰ ਚਾਹ ਕੇ ਵੀ ਕਦੇ ਉੱਠ
ਨਾ ਸਕੇ।
✪

## ਗਲਤੀਆਂ ਦੀ ਪੁਤਲੀ

ਉਸਨੂੰ ਉਸਦੇ ਬੋਲਣ ਦਾ ਤਾਂ
ਪਤਾ ਹੈ
ਪਰ ਕਿਉਂ ਬੋਲਦੀ ਹੈ
ਇਹ ਨਹੀਂ ਪਤਾ

ਜਾਂ ਉਹ ਸਮਝਣ ਨੂੰ ਹੀ
ਤਿਆਰ ਨਹੀਂ
ਉਹ ਹਰ ਵਕਤ
ਉਸ ਵਿੱਚ ਗਲਤੀਆਂ
ਕੱਢਦਾ ਹੈ
ਕਿਉਂਕਿ ਉਹ ਕਰਤਾ
ਧਰਤਾ ਹੈ
ਉਹ ਆਪਣੀਆਂ ਗਲਤੀਆਂ ਮੰਨਣ ਨੂੰ
ਤਿਆਰ ਨਹੀਂ
ਕਿਉਂਕਿ
ਉਹ ਇੱਕ ਮਰਦ ਹੈ
ਉਹ ਤਾਂ ਕੋਈ ਗਲ਼ਤੀ ਕਰ ਹੀ
ਨਹੀਂ ਸਕਦਾ
ਤੇ 'ਉਹ'
ਗਲਤੀਆਂ ਦੀ
ਪੁਤਲੀ ਹੈ।
✪

## ਮੋਨਾਲਿਜ਼ਾ

ਜਦ ਤੋਂ ਉਸਦੀ ਤਸਵੀਰ
ਬਣੀ ਹੈ
ਹਰ ਕੋਈ ਕੋਸ਼ਿਸ ਕਰ ਰਿਹਾ
ਉਸਦੀ ਅਦਭੁੱਤ
ਮੁਸਕਰਾਹਟ ਦਾ ਰਾਜ਼
ਜਾਨਣ ਲਈ

ਮੋਨਾਲਿਜ਼ਾ ਵੀ ਸ਼ਾਇਦ
ਆਪਣੇ ਆਪ ਵਿੱਚ
ਦੁਨੀਆਂ ਦਾ ਕੌੜਾਪਨ ਛੁਪਾਈ
ਬੈਠੀ ਹੈ
ਇਸੇ ਲਈ ਤਾਂ
ਉਸਦੀ ਇਹ ਤਸਵੀਰ
ਉਸਦੀ ਅਜਬ ਜਿਹੀ ਮੁਸਕਾਨ
ਬਾਹਰੋਂ ਬਹੁਤ ਹੀ ਅਣਭੋਲ
ਆਪਣੀ ਦਿੱਖ ਬਣਾਈ
ਬੈਠੀ ਹੈ।
✪

## ਇਜ਼ਹਾਰ

ਉਹ ਪਿਆਰ ਵੀ ਜਤਾਉਂਦਾ ਹੈ
ਅਹਿਸਾਨ ਦੀ ਤਰ੍ਹਾਂ
ਪਰ
ਉਸਨੂੰ ਅਹਿਸਾਨ ਨਹੀਂ ਚਾਹੀਦੇ
ਉਸਨੂੰ ਤਾਂ
ਉਹਨਾਂ ਹੱਥਾਂ ਦੀ ਲੋੜ ਹੈ
ਜੋ ਉਸਦੇ ਬਿਖ਼ਰੇਪਨ ਨੂੰ ਸਮੇਟ ਲੈਣ

ਉਹਨਾਂ ਅੱਖਾਂ ਦੀ ਲੋੜ ਹੈ
ਜੋ ਪੜ੍ਹ ਲੈਣ ਉਸਦੇ ਕਤਲ ਕੀਤੇ
ਸੁਫ਼ਨਿਆਂ
ਦੱਬ ਚੁੱਕੇ ਅਹਿਸਾਸਾਂ ਦੀ
ਕਿਤਾਬ ਨੂੰ
ਉਸਦੇ ਦਿਲ ਦੇ ਗਹਿਰਾਈਆਂ ਵਿੱਚੋਂ
ਕਿਉਂਕਿ ਹੁਣ ਉਹ ਝੂਠੇ ਪਿਆਰ ਦੇ
ਇਜ਼ਹਾਰ ਦਾ
ਬੋਝ ਨਹੀਂ ਉਠਾ ਸਕਦੀ।
✪

## ਹੁਨਰ

ਉਸਦੇ ਕੰਮ ਕਰਨ ਦਾ
ਹੁਨਰ
ਉਸਦੇ ਸਾਰੇ ਹੀ ਐਬ ਲੁਕਾ
ਲੈਂਦਾ ਹੈ

ਤੇ ਉਸਦਾ ਘਰ ਬੈਠਣਾ
ਤੇ ਉਸਦਾ ਗ੍ਰਹਿਣੀਪਣ
ਉਸਦੇ ਸਭ ਗੁਣਾਂ ਨੂੰ
ਅਵਗੁਣ ਬਣਾ
ਦਿੰਦਾ ਹੈ।
✪

## ਖੁਸ਼ੀ

ਬਾਹਰੋਂ ਹੀ ਖੁਸ਼ੀਆਂ ਬਟੋਰ ਕੇ
ਖੁਸ਼ ਹੋ ਰਿਹਾ ਹੈ ਉਹ

ਉਹ ਉਸਦੇ ਵਿਚੋਂ ਆਪਣੀ ਖੁਸ਼ੀ
ਲੱਭ ਰਹੀ ਹੈ
ਪਰ ਉਹ
ਉਸ ਨਾਲ ਕਿਵੇਂ ਖੁਸ਼ ਰਹਿ
ਸਕਦਾ ਹੈ?
ਕਿਉਂਕਿ
ਉਸਦੀ ਤਾਂ ਖੁਸ਼ੀ ਵੀ
ਉਸਨੂੰ
ਗ਼ਮੀ ਹੀ ਨਜ਼ਰ
ਆਉਂਦੀ ਹੈ।
✪

## ਡਾਂਸਰ

**(ਮਾਂ ਤੇ ਬੱਚੇ ਦਾ ਸੰਵਾਦ)**

**(ਇਹ ਕਵਿਤਾ ਉਸ ਕੁੜੀ ਲਈ ਹੈ ਜੋ ਲੁਧਿਆਣੇ ਵਿੱਚ ਸਟੇਜ ਤੇ ਡਾਂਸ ਕਰਦੇ ਹੋਏ ਦਰਿੰਦਗੀ ਦਾ ਸ਼ਿਕਾਰ ਹੋਈ)**

ਮੈਂ ਆਵਾਂਗੀ
ਜਾਂ ਮੈਂ ਆਵਾਂਗਾ
ਤੇਰਾ ਕਰਜ਼ ਚੁਕਾਵਾਂਗੀ
ਜਾਂ ਚੁਕਾਵਾਂਗਾ
ਆਪਣੀ ਹੋਂਦ ਨੂੰ ਆਪਣੇ ਆਪ ਵਿੱਚ
ਸਮੇਟੇ ਹੋਏ

ਐ ਔਰਤ!
ਸਟੇਜਾਂ ਤੇ ਕਿਉਂ ਤੂੰ ਨੱਚ ਰਹੀ ਹੈਂ?
ਕੋਈ ਦਰਦ ਛੁਪਾਕੇ ਸੀਨੇ ਵਿੱਚ
ਕੰਡਿਆਂ ਤੇ ਵੀ ਹੱਸ ਰਹੀ ਹੈਂ ਤੂੰ
ਕਿਸੇ ਮਜ਼ਬੂਰੀ ਲਈ
ਕਿਉਂ ਨੱਚ ਰਹੀਂ ਹੈਂ ਤੂੰ

'ਤੇਰੇ ਚੰਗੇ ਭਵਿੱਖ ਲਈ
ਜੇ ਨੱਚਣਾ ਪਿਆ ਤਾਂ ਨੱਚਾਂਗੀ
ਜੇ ਮੰਗਣਾ ਪਿਆ ਤੇ ਮੰਗਾਂਗੀ'

ਕਿਉਂਕਿ
ਮੈਂ ਨਹੀਂ ਚਾਹੁੰਦੀ ਕਿ
ਤੂੰ ਵੀ ਕੋਈ ਮਜ਼ਬੂਰੀ ਹੰਢਾਵੇਂ
ਮੇਰੇ ਵਾਂਗਰ ਤੇਰਾ ਵੀ ਜੀਵਣ
ਨਰਕ ਬਣ ਜਾਵੇ

ਕਿੰਨੀਆਂ ਗੱਲਾਂ ਮੈਂ ਤੇਰੇ ਨਾਲ ਕਰਦੀ
ਤੇਰੀ ਹੋਂਦ ਨੂੰ ਮਹਿਸੂਸ ਕਰਦੀ
ਭੁੱਲ ਜਾਂਦੀ ਸਾਂ ਸਭ ਗਿਲ਼ੇ ਸ਼ਿਕਵੇ
ਪਰ ਪਤਾ ਨਹੀਂ ਸੀ ਇਸ ਅਣਹੋਣੀ ਦਾ

ਕਿ ਮੈਂ ਤੈਨੂੰ ਇਸ ਦੁਨੀਆਂ ਵਿੱਚ
ਲਿਆ ਵੀ ਨਹੀਂ ਸੀ ਸਕਣਾ
ਬਣ ਜਾਣਾ ਸੀ ਸ਼ਿਕਾਰ ਕਿਸੇ
ਸ਼ੈਤਾਨ
ਦੀ ਮੌਜ-ਮਸਤੀ ਵਿੱਚ
ਚਲਾਈ ਗਈ
ਬੰਦੂਕ ਦੀ ਗੋਲ਼ੀ ਦਾ

ਤੇ
ਕਹਿ ਦੇਣਾ ਸੀ ਅਲਵਿਦਾ
ਇਸ ਜਹਾਨ ਨੂੰ
ਤੈਨੂੰ ਇਸ ਦੁਨੀਆਂ ਤੇ ਲਿਆਉਣ
ਤੋਂ ਪਹਿਲਾਂ
ਤੇਰੀ ਹੋਂਦ ਨੂੰ ਆਪਣੇ ਆਪ ਵਿੱਚ ਹੀ
ਸਮੇਟੇ ਹੋਏ
ਲਾਸ਼ ਮੇਰੀ ਤੇ ਵੀ ਹੋਣਾ ਸੀ ਤਾਂਡਵ
ਹੈਵਾਨੀਅਤ ਦਾ
ਗੂੰਗੇ ਬਹਿਰੇ ਲੋਕਾਂ ਦੇਖਣਾ ਸੀ
ਤਮਾਸ਼ਾ
ਮੇਰੀ ਖ਼ੂਬਸੂਰਤ
ਅਣਹੋਣੀ ਦਾ।
✪

## ਹਾਣੀ

ਉਹ ਸੁਫ਼ਨਾ ਹੈ
ਰਸਤਾ ਹੈ
ਮੰਜ਼ਿਲ ਹੈ
ਚਾਹਤ ਹੈ
ਰਾਹਤ ਹੈ
ਕਰਮ ਹੈ
ਭਰਮ ਹੈ
ਜਾਂ ਕੋਈ ਅਧੂਰੀ ਕਹਾਣੀ
ਜਾਂ ਜਨਮਾਂ ਤੋਂ ਵਿੱਛੜਿਆ ਹਾਣੀ

ਮਹਿਰਮ ਹੈ
ਜਾਂ ਰੂਹ ਦਾ ਸਾਥੀ
ਸ਼ਾਇਦ....
ਰੂਹ ਦਾ ਸਾਥੀ ਨਹੀਂ!
ਨਹੀਂ ਤਾਂ ਸਮਝ ਹੀ ਲੈਂਦਾ
ਸਭ ਕੁਝ
'ਉਸਦੇ'
ਬਿਨਾਂ ਕੁੱਝ ਕਹਿਣ ਤੋਂ
ਪਹਿਲਾਂ ਹੀ।
✪

## ਚੁੱਪ

ਹੁਣ
ਉਹ ਚੁੱਪ ਹੋ ਗਈ ਹੈ
ਤੇ ਚੁੱਪ ਹੀ ਰਹਿਣਾ
ਚਾਹੁੰਦੀ ਹੈ

ਉਹ ਉਸਦੀ ਚੁੱਪ ਤੇ ਵੀ
ਆਪਣਾ
ਹੱਕ ਜਤਾਉਂਦਾ ਹੈ

ਪਰ
ਉਹ ਨਹੀਂ ਚਾਹੁੰਦੀ
ਕਿ ਕੋਈ
ਉਸਦੀ ਚੁੱਪ ਨੂੰ ਹੁਣ
ਭੰਗ ਕਰ ਦੇਵੇ
ਤੇ ਉਸਦੀ ਰੂਹ
ਸਦਾ ਸਦਾ ਲਈ ਅਸ਼ਾਂਤ ਹੋ ਜਾਵੇ।
✪

## ਜਾਦੂਗਰ

ਉਸਨੂੰ ਪਤਾ ਹੈ, ਉਸਨੂੰ ਪਤਾ ਹੈ
ਉਸਦਾ ਉਸ ਨਾਲ ਕੀ ਰਿਸ਼ਤਾ ਹੈ
ਤੂੰ ਉਸ ਬਾਰੇ ਕੀ ਜਾਣਦੀ ਹੈਂ
ਤੇਰੇ ਲਈ ਤਾਂ, ਤੇਰੇ ਲਈ ਤਾਂ
ਉਹ ਇੱਕ
ਦਿਲਕਸ਼ ਜਾਦੂਗਰ ਹੈ

ਜੋ
ਸਭ ਦਾ ਮਨ ਲੁਭਾਈ ਰੱਖਦਾ ਹੈ
ਅਚੰਭਿਆਂ ਵਿੱਚ ਭਰਮਾਈ ਰੱਖਦਾ ਹੈ
ਪਰ ਉਹ
ਅੰਦਰੋਂ ਤਪਿਆ ਮਾਰੂਥਲ ਹੈ
ਤੇ ਸੜ੍ਹਿਆ ਹੋਇਆ ਖੂਹ ਹੈ
ਜੋ ਆਪਣੀ ਤਪਸ਼ ਨਾਲ ਉਸਨੂੰ
ਹਰ ਪਲ ਸਾੜ੍ਹਦਾ ਹੈ

ਤਾਂ ਕਿ ਉਹ ਉਸਦੇ ਅੰਦਰ ਦੀ
ਸੜ੍ਹਿਆਂਦ ਨਾਲ ਸੜ੍ਹ ਸੜ੍ਹਕੇ
ਮਰ ਜਾਏ
ਪਰ! ਤੇਰੇ ਲਈ ਉਹ ਇੱਕ ਜਾਦੂਗਰ ਹੈ
ਤੂੰ ਉਸ ਬਾਰੇ ਕੀ ਜਾਣਦੀ ਹੈਂ...
ਤੂੰ ਉਸ ਬਾਰੇ ਕੀ ਜਾਣਦੀ ਹੈਂ?
ਉਸਨੂੰ ਪਤਾ ਹੈ
ਉਸਨੂੰ ਸਭ ਪਤਾ ਹੈ।
✪

## ਅਸਤਿਤਵਹੀਣ

ਉਹ ਛੱਤ ਪੱਥਰ ਦੀ
ਉਸ ਤੇ ਹੱਸ ਰਹੀ ਹੈ
ਉਹ ਦੀਵਾਰਾਂ ਉਸਨੂੰ ਪੀੜ ਰਹੀਆਂ ਨੇ
ਉਸ ਘਰ ਦੀ ਜ਼ਮੀਨ
ਪੈਰਾਂ ਥੱਲਿਉਂ ਸਰਕ ਰਹੀ ਹੈ

ਉਹ ਕੀ ਕਰ ਰਹੀ ਹੈ
ਉਸ ਘਰ ਵਿੱਚ
ਅਹਿਸਾਸਾਂ ਦੀ ਅਣਹੋਂਦ ਵਿੱਚ
ਉਸ ਘਰ ਦੀ ਹਰ ਸ਼ੈਅ
ਉਸਦੀ ਆਤਮਾ ਨੂੰ ਕੋਹ ਰਹੀ ਹੈ

ਉਹ ਕੀ ਕਰ ਰਹੀ ਹੈ
ਉਸ ਘਰ ਵਿੱਚ
ਉਸ ਘਰ ਦੀ ਹਰ ਚੀਜ਼
ਉਸ ਤੇ ਹੱਸ ਰਹੀ ਹੈ
ਉਸਦੇ ਅਸਤਿਤਵਹੀਣ ਹੋਣ ਬਾਰੇ
ਦੱਸ ਰਹੀ ਹੈ।

✪

## ਜਾਲੇ

ਉਹ ਜਾਲ਼ੇ ਲਾਹੁੰਦੀ ਹੈ
ਤੇ ਮੱਕੜੀ ਹਰ ਵਾਰ
ਜਾਲ਼ਿਆਂ ਦੇ ਨਾਲ ਭਰ ਦਿੰਦੀ ਹੈ
ਹਰ ਚੀਜ਼

ਹੁਣ
ਉਹ ਆਪ ਚਾਹੁੰਦੀ ਹੈ
ਕਿ
ਜਾਲਿਆਂ ਦੇ ਨਾਲ ਭਰ ਜਾਏ
ਉਸਦੇ ਘਰ ਦੀ ਹਰ ਇਕ ਸ਼ੈਅ

ਤੇ ਉਹ ਜਾਲ਼ਿਆਂ ਦੇ ਥੱਲੇ ਕਿਤੇ
ਦੱਬ ਜਾਏ
ਕਿਸੇ ਮੱਕੜੀ ਵਾਂਗ
ਫਿਰ ਕੋਈ ਨਾ ਕਰੇ ਕੋਸ਼ਿਸ
ਉਸਨੂੰ ਲੱਭਣ ਦੀ।
✪

## ਭਾਂਬੜ

ਉਹ ਬੋਲਦੀ ਹੈ
ਉਹ ਚੰਗਿਆੜੇ
ਵਰਸਾਉਂਦਾ ਹੈ

ਹੁਣ ਉਹ ਹੋਰ ਨਹੀਂ ਜਲਣਾ
ਚਾਹੁੰਦੀ
ਚੰਗਿਆੜਿਆਂ ਤੋਂ
ਤੇ ਨਾ ਹੀ ਚਲਣਾ
ਚਾਹੁੰਦੀ ਹੈ
ਅੰਗਿਆਰਿਆਂ ਤੇ

ਕਿਉਂਕਿ
ਹੁਣ ਉਹ ਆਪ ਭਾਂਬੜ
ਬਣ ਚੁੱਕੀ ਹੈ।
✪

## ਤੀਸਰਾ ਦਰਜਾ

ਜਦ ਉਸਨੇ ਉਸਨੂੰ ਪੁੱਛਿਆ
ਦੱਸ ਕੀ ਥਾਂ ਹੈ ਮੇਰੀ
ਤੇਰੀ ਜ਼ਿੰਦਗੀ ਵਿੱਚ ?

ਝਟਪਟ ਉਸਨੇ ਉਸਨੂੰ
ਉਸਦਾ ਥਾਂ ਦਿਖਾਇਆ
ਜਦ ਉਸਨੇ ਉਸਨੂੰ
ਤੀਸਰੇ ਦਰਜੇ ਦਾ ਸ਼ਹਿਰੀ
ਬਣਾਇਆ

ਫਿਰ ਉਸਨੇ ਵੀ ਉਸਨੂੰ
ਇੱਕ ਕਰਿਸ਼ਮਾ ਦਿਖਾਇਆ
ਆਪਣੀ ਜ਼ਿੰਦਗੀ ਵਿੱਚੋਂ
ਬਾਹਰ ਦਾ ਰਸਤਾ
ਦਿਖਾਇਆ।

✪

## ਕਦੇ ਕਦੇ

ਉਹ ਜਦੋਂ ਦੂਰ ਸੀ
ਉਦੋਂ ਕੁੱਝ ਹੋਰ ਸੀ
ਜਦੋਂ ਦਾ ਹੈ ਨੇੜੇ ਆਇਆ
ਅਸਲੀ ਆਪਣਾ ਰੰਗ
ਦਿਖਾਇਆ

ਹੁਣ
ਉਹ ਹਰ ਪਲ਼ ਖ਼ਤਮ ਕਰ
ਰਿਹਾ ਹੈ
ਉਸਦੀ ਹੋਂਦ ਨੂੰ
ਕਦੇ ਤਾਹਨਿਆਂ ਦੇ ਨਾਲ
ਕਦੇ ਬਹਾਨਿਆਂ ਦੇ ਨਾਲ
ਕਦੇ ਆਪਣੀ ਫ਼ੌਕੀ ਟੌਹਰ ਨਾਲ
ਕਦੇ ਆਪਣੀ ਹੈਂਕੜ ਦੇ ਨਾਲ
ਕਦੇ ਆਪਣੀ ਧੌਂਸ ਜਮਾ
ਤਾਰ-ਤਾਰ ਕਰ ਰਿਹਾ ਹੈ
ਉਸਦੇ ਅਸਤਿਤਵ ਨੂੰ।
✪

## ਕੁਝ ਕਹਿ ਰਹੇ ਨੇ

ਪਥਰਾਈਆਂ ਹੋਈਆਂ ਅੱਖੀਆਂ
ਖਾਮੋਸ਼ ਆਵਾਜ਼ਾਂ
ਲੜਖੜਾਂਦੇ ਕਦਮ
ਫੜਫੜਾਉਂਦੇ ਖੰਭ
ਲਹੂ ਲੁਹਾਣ ਦਿਲ
ਤੜਪਦੀਆਂ ਰਾਤਾਂ
ਅਣਸੁਣੀਆਂ ਬਾਤਾਂ
ਕੁਰਲਾਉਂਦੀ ਆਤਮਾ ਤੇ
ਬੇਜ਼ੁਬਾਨ ਸ਼ਬਦ
ਦੱਸ ਰਹੇ ਨੇ ਉਸਦੀ
ਕਹਾਣੀ।
✪

## ਕੂੜਾਦਾਨ

ਉਹ ਉਸਦੇ ਲਈ ਸਿਰਫ਼ ਇੱਕ
ਕੂੜਾਦਾਨ ਹੈ
ਜਿਸ ਵਿੱਚ ਉਹ ਜੋ ਚਾਹੇ
ਜਦੋਂ ਵੀ ਚਾਹੇ
ਕੁਝ ਵੀ ਸੁੱਟ ਸਕਦਾ ਹੈ

ਜਿਸ ਵਿੱਚ ਕਦੇ ਉਹ
ਆਪਣੇ ਘਰਦਿਆਂ ਦਾ
ਕਦੇ ਦੋਸਤਾਂ ਦਾ
ਕਦੇ ਕੰਮ ਦਾ ਗੁੱਸਾ
ਸੁੱਟਦਾ ਹੈ

ਪਰ ਉਹ ਭੁੱਲ ਜਾਦਾਂ ਹੈ ਕਿ
ਜਦੋਂ ਕੂੜੇਦਾਨ ਭਰ ਜਾਂਦਾ ਹੈ
ਤਾਂ ਕੂੜਾ ਕੜਕਟ
ਆਪਣੇ ਘਰ ਵਿੱਚ ਹੀ ਫ਼ੈਲ
ਜਾਂਦਾ ਹੈ
ਬੇਸ਼ੱਕ ਜਿੰਨੀ ਵੀ ਕੋਸ਼ਿਸ਼ ਕਰੋ
ਸਾਫ਼ ਕਰਨ ਦੀ
ਪਰ ਸੜਿਆਂਦ ਛੱਡ ਹੀ
ਜਾਂਦਾ ਹੈ

ਕੂੜੇਦਾਨ ਨੂੰ ਬੇਸ਼ੱਕ ਸਾਫ਼ ਕਰ
ਵੀ ਲਵੋ
ਪਰ ਉਸ ਦੇ ਦਿਲ ਤੇ ਜੰਮ ਚੁੱਕੀ
ਮੈਲ਼ ਨੂੰ
ਕਿਸ ਸਾਬਣ ਨਾਲ
ਧੋਵੋਗੇ।
✪

## ਇੱਟ

ਉਹ ਉਸ ਨੂੰ ਇੱਟ ਵਾਂਗ
ਤੋੜੀ ਹੀ ਜਾ ਰਿਹਾ ਸੀ

ਤੇ ਲਗਾਤਾਰ ਤੋੜ ਰਿਹਾ ਹੈ

ਹੁਣ ਉਹ ਜਦੋਂ ਵੀ
ਟੁੱਟਦੀ ਹੈ
ਵਾਪਸ ਜਾ ਕੇ ਉਸਦੇ ਹੀ ਮੱਥੇ
ਲੱਗਦੀ ਹੈ।
✪

## ਵਾਪਸ ਲੈ ਲੈ

ਸਮਝ ਲੈ ਉਸਨੂੰ ਉਸਦੇ ਕੁਝ ਕਹਿਣ
ਤੋਂ ਪਹਿਲਾਂ
ਰੁਤਬਾ ਪੈਸਾ ਸ਼ੋਹਰਤ ਆਪਣੀ
ਵਾਪਸ ਲੈ ਲੈ
ਯਕੀਨ ਉਸਦਾ ਤੂੰ
ਵਾਪਸ ਕਰਦੇ

ਉਸਦੇ ਮਰ ਜਾਣ ਤੋਂ ਪਹਿਲਾਂ
ਚਾਪਲੂਸ ਜੋ ਤੇਰੀ ਚਮਚਾਗਿਰੀ
ਨੇ ਕਰਦੇ
ਉਹਨਾਂ ਚਾਪਲੂਸਾਂ ਨੂੰ ਨਠਾ ਦੇ
ਮਹਿਫ਼ਲ ਵਿੱਚ ਉਸਦੇ
ਜਾਣ ਤੋਂ ਪਹਿਲਾਂ

ਇਹ ਸੋਚ ਉਹ ਸ਼ਾਂਤ ਹੋ ਜਾਵੇ
ਅਸ਼ਾਂਤ ਹੋਣ ਤੇ
ਮਰ ਚੁੱਕੇ ਨੇ ਉਸਦੇ ਉਹ ਸਾਥੀ
ਸਮਝ ਲੈਂਦੇ ਸੀ ਜੋ ਉਸਨੂੰ
ਉਸਦੇ ਕੁੱਝ ਵੀ ਕਹਿਣ ਤੋਂ
ਪਹਿਲਾਂ।
✪

## ਪਟਰਾਣੀ

ਨਾ ਕਿਸੇ ਮੈਨੂੰ ਮਾਣ ਸੀ ਦਿੱਤਾ
ਨਾ ਸੀ ਕਿਸੇ ਦੇ ਦਿਲ ਦੀ ਰਾਣੀ
ਕਿਸਦੀ ਸਾਂ ਮੈਂ ਕਿਉਂ ਬਣ ਗਈ ਸੀ
ਪਟਰਾਣੀ?

ਪੰਜ ਪਾਂਡਵਾਂ ਮੈਨੂੰ ਪਹਿਲਾਂ ਵੰਡਿਆ
ਫਿਰ ਦਿੱਤਾ ਜੂਏ ਵਿੱਚ ਹਾਰ ਵੇ ਲੋਕੋ!
ਬੇਇੱਜ਼ਤੀ ਹੋਈ ਜਦ ਵਿੱਚ ਸਭਾ ਦੇ
ਅੱਖ ਕਿਸੇ ਦੀ ਵੀ ਨਾ ਹੋਈ ਸ਼ਰਮਸਾਰ
ਵੇ ਲੋਕੋ!
ਨਾ ਕੋਈ ਉੱਥੇ ਮਰਦ ਫੜ੍ਹਕਿਆ
ਨਾ ਕਿਸੇ ਦਾ ਦਿਲ ਸੀ ਭੜਕਿਆ
ਜਦ ਹੋਈ ਮੈਂ ਲੀਰੋ ਲਾਰ ਵੇ ਲੋਕੋ!

ਨਾ ਕੋਈ ਜ਼ੁਲਮ ਖਿਲਾਫ਼ ਸੀ ਲੜਿਆ
ਨਾ ਕਿਸੇ ਸੀਸ ਤਲੀ ਤੇ ਸੀ ਧਰਿਆ
ਪੰਜਾਂ ਵਿੱਚੋਂ ਇੱਕ ਵੀ ਮੇਰੇ ਨਾਲ ਨਾ
ਖੜ੍ਹਿਆ
ਦਰਯੋਧਨ ਅੱਗੇ ਕੋਈ ਵੀ ਨਾ ਅੜਿਆ
ਮੈਂ ਰੋਈ ਜ਼ਾਰੋ ਜ਼ਾਰ ਵੇ ਲੋਕੋ!

ਮੂੰਹ ਛੁਪਾਕੇ ਉਹ ਮਰੇ ਰਹੇ
ਇੱਜ਼ਤ ਲੁੱਟਦੀ ਦੇਖ ਖੜ੍ਹੇ ਰਹੇ
ਪੰਜ ਪਾਂਡਵ ਮੇਰੇ ਫ਼ਰਮਾਬਰਦਾਰ ਵੇ ਲੋਕੋ!

ਕਾਹਦੀ ਸੀ ਮੈਂ ਪਟਰਾਣੀ
ਮੇਰੇ ਲਈ ਤਾਂ ਪਾਂਡਵ ਸਨ ਨਾਮਰਦ ਵੇ ਲੋਕੋ!
ਸੰਵੇਦਨਹੀਣ ਨਾਮਰਦ ਸੀ ਉਹ ਸਭ
ਤਾਂਹੀਉ ਗਏ ਜੂਏ ਵਿੱਚ ਹਾਰ ਵੇ ਲੋਕੋ!!

ਸਾਰਾ ਤਮਾਸ਼ਾ ਉਹ ਕਿੱਦਾਂ ਜ਼ਰ
ਰਹੇ ਸੀ
ਸ਼ਰਮ ਨਾਲ ਨਾ ਉਹ ਮਰ ਰਹੇ ਸੀ
ਕਿਸ ਤਰ੍ਹਾਂ ਉਹ ਰਹੇ ਖੜ੍ਹੇ ਸੀ
ਜਿਉਂਦੇ ਜੀ ਉਹ ਕਿਉਂ ਨਾ ਮਰੇ ਸੀ
ਇਹ ਕਿਸ ਤਰ੍ਹਾਂ ਦਾ ਸੀ ਪਿਆਰ ਵੇ ਲੋਕੋ!
ਜੂਏ ਵਿੱਚ ਮੈਨੂੰ ਦਿੱਤਾ ਹਾਰ ਵੇ ਲੋਕੋ!!
ਕਾਹਦੀ ਸੀ ਮੈਂ ਪਟਰਾਣੀ?

# ਆਖਿਰ ਕੱਦ ਤੱਕ

ਕਦ ਤੱਕ ਬੇਬੱਸ ਹੋ ਕੇ
ਧਰਤੀ ਵਿੱਚ ਮੂੰਹ ਛੁਪਾਉਣ ਲਈ
ਥਾਂ ਲੱਭਦੀ ਰਹੇਗੀ
ਵਾਂਗ ਸੀਤਾ
ਕਿਉਂ! ਸਮਾਜ ਦੇ ਤਾਹਨੇ ਮਿਹਣੇ
ਸਹਿੰਦੀ ਰਹੇਗੀ
ਵਾਂਗ ਦਰੋਪਤੀ ਇੱਕ ਸਮਾਨ ਬਣ
ਸਜਦੀ ਰਹੇਗੀ

ਕਿਉਂ
ਤੂੰ ਹੁਣ ਉੱਠ ਕੇ ਐਲਾਨ ਨਹੀਂ ਕਰਦੀ
ਆਪਣੇ ਹੱਕਾਂ ਲਈ
ਬਣਕੇ ਜਵਾਲਾ ਕਿਉਂ ਨਹੀਂ ਹੈਂ ਖੜ੍ਹਦੀ
ਸਿਰ ਕਲਮ ਕਿਉਂ ਨਹੀਂ ਕਰਦੀ
ਉਹਨਾਂ ਰਾਖਸ਼ਾਂ ਦਾ
ਜੋ ਤੈਨੂੰ ਨੋਚਣ ਦੀ ਤਿਆਰੀ 'ਚ
ਰਹਿੰਦੇ ਨੇ
ਕਿਉਂ ਅੰਨ੍ਹੇ ਕਨੂੰਨ ਤੋਂ
ਇਨਸਾਫ਼ ਦੀ ਉਮੀਦ ਰੱਖੀ ਬੈਠੀ
ਰਹਿੰਦੀ ਹੈਂ
ਬਣਕੇ 'ਵਿਚਾਰੀ'

ਕਿਉਂਕਿ! ਅਜੇ ਤੱਕ ਕੋਈ ਕਾਨੂੰਨ
ਨਹੀਂ ਬਣਿਆ
ਜੋ ਤੇਰੀ ਗੁਹਾਰ ਸੁਣ ਲਵੇ
ਕਿਉਂ! ਵਾਂਗ ਸ਼ੈਰਨੀ ਦਹਾੜਦੀ ਨਹੀਂ
ਲੜਦੀ ਨਹੀਂ
ਦੁਸ਼ਮਣ ਨੂੰ ਦਿਖਾਉਂਦੀ ਨਹੀਂ ਆਪਣੀ
ਜਾਤ ਦੀ

ਤਾਕਤ
ਹੁਣ ਤਾਂ
ਸਮਾਂ ਬਦਲ ਚੁੱਕਿਆ ਹੈ
ਉੱਠ ਆਵਾਜ਼ ਉੱਠਾ
ਲੜ ਆਪਣੇ ਹੱਕਾਂ ਲਈ
ਤੱਕ ਆਪਣੀਆਂ
ਉਹਨਾਂ ਭੈਣਾਂ ਸਾਂਝੀਦਾਰਾਂ ਨੂੰ
ਜੋ
ਸਮਾਜ ਦੇ ਠੇਕੇਦਾਰਾਂ ਦੇ ਸਾਹਮਣੇ
ਆ ਖੜ੍ਹਦੀਆਂ ਨੇ

ਕਿਉਂਕਿ ਅੱਜ ਦੀ ਦਰੋਪਤੀ
ਪੰਜ ਪਾਂਡਵਾਂ ਦੀ ਪਟਰਾਣੀ ਨਹੀਂ
ਸਿਰਫ਼
ਅਰਜੁਨ ਦੀ ਹੀ ਰਾਣੀ ਬਣ ਕੇ ਜਿਉਣਾ
ਚਾਹੁੰਦੀ ਹੈ
ਕਿਉਂਕਿ! ਉਹ ਉਸ ਅਰਜਨ ਨੂੰ
ਨਕਾਰਦੀ ਹੈ
ਜਿਸਨੇ ਉਸਨੂੰ ਜਿੱਤਿਆ
ਫਿਰ ਦਿੱਤਾ ਹਾਰ
ਜਦ ਵੰਡ ਦਿੱਤਾ ਸੀ ਉਸਨੂੰ
ਭਰਾਵਾਂ ਤਾਂਈ
ਖਾਣੇ ਦੀ ਤਰ੍ਹਾਂ
ਬਣਾ ਦਿੱਤਾ ਸੀ ਰਾਣੀ ਤੋਂ 'ਪੰਚਾਲੀ'

ਕੀ ਬੀਤਦੀ ਹੋਵੇਗੀ ਉਸਤੇ
ਜਦੋਂ ਉਹ
ਸਾਰਿਆਂ ਦੀ ਸੇਜ ਸਜਾਉਂਦੀ ਹੋਵੇਗੀ
ਕਿਸੇ ਨਾ ਉਸਦਾ ਦਿਲ ਫ਼ਰੋਲਿਆ
ਬਿਨ ਪੁੱਛਿਆਂ ਹੀ
ਤੈਅ ਕਰ ਦਿੱਤਾ ਗਿਆ ਸੀ
ਉਸਦਾ
ਅਸਤਿਤਵ।
✪

## ਰਾਜਕੁਮਾਰੀ ਡਾਇਨਾ

ਉਹ ਉਸਨੂੰ ਕਹਿੰਦੀ ਹੈ
ਉਹ ਕਿਉਂ ਰੋਂਦੀ ਹੈ?
ਕਿਉਂ ਉਹ ਹੱਸਦੀ ਨਾ
ਉਹ ਪੁੱਛਦੀ ਹੈ
ਪਰ ਕਦੇ ਵੀ ਉਹ ਦੱਸਦੀ ਨਾ
ਉਹ ਸੁਬਕ ਸੁਬਕ ਕੇ ਰੋਂਦੀ ਹੈ

ਉਹ ਉਸਨੂੰ ਫਿਰ ਕਹਿੰਦੀ ਹੈ
ਦਿਲ ਤਾਂ ਡੀਆਨਾ ਦਾ ਵੀ ਕਿਸੇ ਨਾ
ਫ਼ਰੋਲਿਆ
ਹਵਸ ਦੀ ਚਾਦਰ ਵਿੱਚ ਲਪੇਟ ਕੇ
ਰੱਖ ਦਿੱਤਾ
ਦੁਨੀਆਂ ਦੇ ਸਾਹਮਣੇ
ਕੋਮਲ ਮਨ
ਉਸਦਾ
ਚਰਿੱਤਰਹੀਣਤਾ ਦਾ ਇੱਕ ਹਿਜ਼ਾਬ
ਪਹਿਨਾ ਦਿੱਤਾ
ਉਸਦੇ ਖ਼ੂਬਸੂਰਤ ਚਿਹਰੇ ਤੇ

ਕੀ ਗ਼ਮ ਉਸਦੀ ਆਤਮਾ ਨੇ ਹੰਢਾਇਆ
ਇਹ ਨਾ ਕਿਸੇ ਜਾਣਿਆ
ਦਿਲ ਦਾ ਦਰਦ ਨਾ ਕਿਸੇ ਪਹਿਚਾਣਿਆ
ਤੇ ਨਾ ਹੀ ਚਾਹਿਆ ਜਾਨਣਾ
ਤੂੰ ਤਾਂ ਇੱਕ ਆਮ ਜਿਹੀ ਔਰਤ ਹੈਂ
ਡਾਇਨਾ ਵੀ
ਜਿਉਣਾ ਚਾਹੁੰਦੀ ਸੀ
ਇੱਕ ਆਮ ਔਰਤ ਦੀ ਤਰ੍ਹਾਂ
ਪਰ
ਕੈਦਖ਼ਾਨੇ ਵਿੱਚ ਮਨ ਦੇ ਭੇਤ ਲੁਕਾਏ ਹੋਏ
ਉਹ ਇੱਕ ਖਾਸ ਰਾਜਕੁਮਾਰੀ

ਸੁੰਦਰਤਾ ਦੀ ਮੂਰਤ
ਜੋ ਸਭ ਨੂੰ ਮਨਮੋਹਣੀ ਲੱਗਦੀ
ਸੰਗਮਰਮਰ ਦੀ ਮੂਰਤੀ ਉਹ
ਮੁਸਕਰਾਹਟ ਦੇ ਵਿੱਚ ਲਪੇਟ
ਚੁੱਕੀ ਸੀ
ਕਈ ਦਰਦ

ਪਰ ਅਸਲ ਵਿੱਚ ਤੇਰੇ ਵਿੱਚ ਤੇ
ਡਾਇਨਾ ਵਿੱਚ
ਕੋਈ ਫ਼ਰਕ ਨਹੀਂ ਹੈ
ਬੇਸ਼ੱਕ! ਉਹ ਅਰਸ਼ਾਂ ਤੋਂ ਉੱਤਰੀ
ਇੱਕ ਪਰੀ ਸੀ
ਤੇ ਤੂੰ ਇੱਕ ਆਮ ਜਿਹੀ ਔਰਤ
ਤੇਰੇ ਅਰਮਾਨ ਕੋਹ ਦਿੱਤੇ ਜਾਂਦੇ ਨੇ
ਰਸਮਾਂ ਰਿਵਾਜਾਂ ਤੇ ਰਵਾਇਤਾਂ ਦੇ
ਨਾਮ ਤੇ
ਲਹੂ ਲੁਹਾਣ ਉਹ ਵੀ ਸੀ ਤੇ
ਤੂੰ ਵੀ ਹੈਂ

ਚਮਕ ਦਮਕ ਦੀ ਚਾਦਰ ਲਪੇਟੇ
ਉਸਦਾ ਵੀ
ਸ਼ੋਸਣ ਹੋਇਆ ਸੀ
ਇੱਕ ਪਲ ਵੀ ਜੀਵਨ ਦਾ
ਉਹ ਨਾ ਜੀ ਸਕੀ
ਆਪਣੀ ਮਰਜ਼ੀ ਦੇ ਨਾਲ
ਉਸਦੇ ਹਰ ਰਸਤੇ ਤੇ ਪਹਿਰੇਦਾਰ ਖੜ੍ਹੇ ਸੀ

ਬੇਸ਼ੱਕ
ਉਸਦੀ ਹੀ ਹਿਫਾਜ਼ਤ ਦਾ ਮਖੌਟਾ ਪਹਿਨੇ
ਸ਼ੋਹਰਤਾਂ ਦੀ ਦੇਵੀ
ਸ਼ੋਹਰਤਾਂ ਤੋਂ ਡਰਦੀ
ਸੁਰੱਖਿਆ ਦੇ ਨਾਮ ਤੇ ਹਰ ਵਾਰ
ਹਰ ਪਲ਼
ਘਿਰੀ ਰਹਿੰਦੀ

ਉਹ ਹਰ ਵਕਤ ਕਿਸੇ ਖ਼ੁਫ਼ੀਆ
ਕੈਮਰਿਆਂ ਦੀ
ਪਹੁੰਚ ਤੋਂ
ਡਰਦੀ ਸੀ
ਕਿਤੇ ਕੋਈ ਉਸਦੀ ਅਜ਼ਾਦੀ ਨੂੰ ਕੈਦ
ਨਾ ਕਰ ਲਏ
ਕਿਸੇ ਕੈਨਵਸ ਤੇ ਉਤਾਰ ਨਾ ਦਏ
ਉਸਦੇ ਬਿਖ਼ਰੇ
ਟੁੱਟੇ ਹੋਏ ਦਿਲ ਦੀਆਂ ਝਰੀਟਾਂ
ਉਹ ਕੈਮਰਿਆਂ ਦੀਆਂ ਅੱਖਾਂ ਤੋਂ ਡਰਦੀ
ਭੱਜਦੀ ਸੀ
ਲੱਭਦੀ ਸੀ ਆਪਣੇ ਆਪ ਲਈ
ਕੋਈ ਗੁਮਸ਼ੁਦਾ ਥਾਂ
ਜਿੱਥੇ ਉਸ ਤੱਕ ਨਾ ਕੋਈ ਪਹੁੰਚ ਸਕੇ

ਤੇ ਉਹ
ਜੀ ਸਕੇ ਆਪਣੀ ਜ਼ਿੰਦਗੀ ਨੂੰ ਇੱਕ
ਆਮ ਔਰਤ ਵਾਂਗ
ਉਹ ਆਪਣੇ ਆਪ ਨਾਲ ਲੜਦੀ
ਬੇਵਫ਼ਾਈ ਦਾ ਦਰਦ ਸਹਿੰਦੀ
ਪਿਆਰ ਲੱਭਦੀ ਫਿਰਦੀ
ਕਦੇ ਇਸ ਤੋਂ
ਕਦੇ ਉਸ ਤੋਂ

ਅੰਤ
ਪਿਆਰ ਦੀ ਤਲਾਸ਼ ਵਿੱਚ
ਪਿਆਰ ਲੱਭਦੀ
ਹਮੇਸ਼ਾ ਹਮੇਸ਼ਾ ਲਈ ਹੀ
ਹਨੇਰੇ ਦੇ ਵਿੱਚ ਗਰਕ ਗਈ
ਤੇ ਫਿਰ ਸਦਾ ਲਈ ਹੋ ਗਈ
ਰੁਖ਼ਸਤ ਇਸ ਦੁਨੀਆਂ ਤੋਂ
ਆਪਣੇ ਦਿਲ ਦੇ ਅਰਮਾਨ
ਆਪਣੇ ਨਾਲ ਹੀ ਲੈ ਗਈ
ਦਿਲ ਦੇ ਜ਼ਖਮਾਂ ਤੇ ਕੋਈ ਮਰ੍ਹਮ

ਲਾਉਣ ਵਾਲਾ ਨਾ ਮਿਲਿਆ
ਉਹ ਲੱਭਦੀ ਲੱਭਦੀ ਤੁਰ ਗਈ ਤੇ
ਕਹਿ ਗਈ 'ਅਲਵਿਦਾ'

ਤੈਨੂੰ
ਕਿਸ ਤਰ੍ਹਾਂ ਬਖਸ਼ ਦੇਣਗੇ
ਇਹ ਜਿਸਮਾਂ ਦੇ ਵਪਾਰੀ
ਤੂੰ ਤਾਂ
ਇੱਕ ਆਮ ਜਿਹੀ ਔਰਤ ਹੈਂ
ਉਸ ਰਾਜਕੁਮਾਰੀ ਨੂੰ
ਦੇਖ
ਸਮਾਜ ਦੇ ਠੇਕੇਦਾਰਾਂ ਨੇ ਤਾਂ ਉਸਨੂੰ ਵੀ
ਨਹੀਂ ਸੀ
ਬਖਸ਼ਿਆ
ਉਹ ਰੋਈ ਕੁਰਲਾਈ
ਤੇ ਤਿਲਮਲਾਈ
ਪਰ
ਉਸਦੇ ਵੀ ਪਰ ਕੁਤਰ ਦਿੱਤੇ ਗਏ
ਉਹ ਅਜੇ ਤੱਕ ਵੀ ਆਪਣੀ
ਰਿਹਾਈ ਦੀ
ਦੁਆ ਮੰਗ ਰਹੀ ਹੈ
ਦੂਰ ਕਿਤੇ ਛੁੱਪ ਬੈਠ ਕੇ
ਤੂੰ ਤਾਂ ਇੱਕ ਆਮ ਜਿਹੀ ਔਰਤ ਹੈਂ
ਤੂੰ ਕਿਉਂ ਰੋਂਦੀ ਹੈਂ?
✪

## ਉਹ ਕਿਉਂ ਦੱਸਦਾ ਹੈ

ਹਰ ਵਾਰ ਕਿਉਂ ਇਹ ਕਿਹਾ ਜਾਂਦਾ ਹੈ
ਤੂੰ ਪੈਰਾਂ ਦੀ ਜੁੱਤੀ ਹੈਂ
ਤੂੰ ਲੜਾਈ ਦੀ ਜੜ੍ਹ ਹੈਂ
ਤੇਰੀ ਗੁੱਤ ਪਿੱਛੇ ਮੱਤ ਹੈ
ਤੂੰ ਫਸਾਦਾਂ ਦੀ ਝੜੀ ਹੈਂ
ਤੂੰ ਨਰਕਾਂ ਦਾ ਦੁਆਰ ਹੈਂ
ਹਰ ਵਾਰ ਇਹ ਕਿਉਂ ਕਿਹਾ ਜਾਂਦਾ ਹੈ

ਤੂੰ ਰਾਮ ਦੇ ਬਨਵਾਸ ਦਾ ਕਾਰਨ
ਤੂੰ ਸੀਤਾ ਬਣੀ ਯੁੱਧ ਦਾ ਕਾਰਨ
ਤੂੰ ਦਰੋਪਤੀ ਮਹਾਂਭਾਰਤ ਦੀ ਲੜਾਈ
ਦਾ ਕਾਰਨ
ਪਰ ਕੋਈ
ਕਿਉਂ ਨਹੀਂ ਹੈ ਇਹ ਸਭ ਸੋਚਦਾ
ਜੇ ਲਛਮਣ ਸੂਰਪਨਖ਼ਾ ਨੂੰ ਅਪਮਾਨਿਤ
ਨਾ ਕਰਦਾ
ਫਿਰ ਅਣਖ ਲਈ
ਰਾਵਣ ਵੀ ਨਾ ਲੜਦਾ

ਗੁੱਸੇ ਵਿੱਚ ਆ ਕੇ ਉਹ ਗਲਤੀ
ਨਾ ਕਰਦਾ
ਸੀਤਾ ਦਾ ਉਹ ਅਪਹਰਣ
ਨਾ ਕਰਦਾ
ਫਿਰ ਕਿਉਂ ਸੱਤਯੁਗ ਵਿੱਚ ਕੋਈ ਯੁੱਧ ਲੜਦਾ
ਇਹ ਸਭ ਮਰਦ ਹੀ ਕਰਦਾ ਹੈ
ਫਿਰ ਕਿਉਂ ਇਹ ਉਹ ਦੱਸਦਾ ਹੈ
ਜੇ ਪਾਂਡਵ ਆਯਾਸ਼ੀ ਨਾ ਕਰਦੇ
ਦਰੋਪਤੀ ਨੂੰ ਜੂਏ ਵਿੱਚ ਉਹ ਨਾ ਹਾਰਦੇ
ਨਾ ਭਰੀ ਸਭਾ ਵਿੱਚ ਅਪਮਾਨਿਤ ਉਹ ਕਰਦੇ

ਥੋੜ੍ਹਾ ਜਿਹਾ ਤਾਂ ਉਸ ਨਾਲ ਉਹ ਖੜ੍ਹਦੇ
ਕਿਸੇ ਨੂੰ ਉਹ ਨਫ਼ਰਤ ਨਾ ਕਰਦੀ
ਨਾ ਯੁੱਧ ਦਾ ਉਹ ਕਾਰਨ ਬਣਦੀ
ਉਹ ਇਹ ਸਭ ਕਿਉਂ ਦੱਸਦਾ ਹੈ
ਸੱਚ ਤੋਂ ਸਦਾ ਉਹ ਨੱਸਦਾ ਹੈ
ਕਿਸਨੇ ਕਿਹਾ ਸੀ ਦਸ਼ਰਥ ਨੂੰ
ਕਿ ਉਹ ਬਿਨ ਸੋਚੇ ਸਮਝੇ ਹੀ
ਬਿਨ ਇਹ ਪੁੱਛਿਆਂ ਕਿ ਉਹ ਕੀ
ਚਾਹੁੰਦੀ ਹੈ
ਦੇ ਦੇਵੇ ਬਚਨ ਕੈਕੇਈ ਨੂੰ
ਉਹ ਇੰਝ ਭਲਾ ਕਿਵੇਂ ਕਰ
ਸਕਦਾ ਸੀ
ਅੱਖਾਂ ਬੰਦ ਕਰਕੇ ਬਚਨ ਪੂਰਾ ਕਿਵੇਂ
ਕਰ ਸਕਦਾ ਸੀ

ਉਹ ਤਾਂ ਇੱਕ ਰਾਜਾ ਸੀ
ਇੱਕ ਸਲਤਨਤ ਦਾ ਉਹ ਮਾਲਿਕ
ਇੰਨਾ ਮੂਰਖ ਕਿਵੇਂ ਉਹ ਹੋ ਸਕਦਾ ਸੀ
ਕਿਵੇਂ ਅੱਖਾਂ ਬੰਦ ਕਰਕੇ ਰੱਖ ਸਕਦਾ ਸੀ
ਜੇ ਉਹ ਮੂਰਖ਼ ਅਗਿਆਨੀ ਬੇਵਕੂਫ਼
ਨਾ ਹੁੰਦਾ
ਰਾਮ ਨੂੰ ਬਨਵਾਸ ਨਾ ਹੁੰਦਾ
ਨਾ ਕੋਈ ਯੁੱਧ ਹੋਇਆ ਹੁੰਦਾ
ਕਾਰਨ ਤਾਂ ਦਸ਼ਰਥ ਹੀ ਸੀ
ਫਿਰ ਉਹ ਇਹ ਸਭ ਕਿਉਂ ਭੁੱਲ
ਜਾਂਦਾ ਹੈ
ਸਭ ਦੋਸ਼ ਔਰਤ ਸਿਰ ਮੜ੍ਹ
ਜਾਂਦਾ ਹੈ

ਟਰੌਏ ਦੇ ਯੁੱਧ ਵਿੱਚ ਜੇ ਪੇਰਿਸ
ਹੇਲਨ ਦੀ ਖ਼ੂਬਸੂਰਤੀ ਤੇ ਨਾ ਮਰਦਾ
ਪਿਆਰ ਵਿੱਚ ਉਸ ਨੂੰ ਨਾ ਫਸਾਉਂਦਾ
ਨਾਲ ਭੱਜਣ ਲਈ ਨਾ ਉਕਸਾਉਂਦਾ
ਫਿਰ ਇੱਕ ਭਿਆਨਕ ਯੁੱਧ ਨਾ ਹੁੰਦਾ

ਇਹ ਤਾਂ ਕੋਈ ਗੁਨਾਹ ਨਹੀਂ ਸੀ
ਹੈਲਨ ਦਾ ਬਹੁਤ ਸੋਹਣਾ ਹੋਣਾ
ਗੁਨਾਹ ਤਾਂ ਸੀ ਉਸਦੀ ਖ਼ੂਬਸੂਰਤੀ ਤੇ
ਫਿਸਲਣ ਵਾਲੇ ਦੇ
ਦਿਲ ਦਾ ਕਮਜ਼ੋਰ ਹੋਣਾ
ਫਿਰ ਕਿਉਂ ਇਹ ਕਿਹਾ ਜਾਂਦਾ ਹੈ
ਬੁਰਾਈ ਲੜਾਈ ਦਾ ਕਾਰਨ
ਸਿਰਫ਼ ਔਰਤ ਨੂੰ ਹੀ ਠਹਿਰਾਇਆ
ਜਾਂਦਾ ਹੈ
ਆਦਮੀ ਇਹ ਸਭ ਕਰ ਗੁਜ਼ਰ ਕੇ ਵੀ
ਖ਼ੁਦ ਨੂੰ
ਬੇਗੁਨਾਹ ਸਾਬਿਤ ਕਰ ਲੈਂਦਾ ਹੈ
ਆਪਣੇ ਸਿਰ ਤੋਂ ਇਲਜ਼ਾਮ ਸਭ ਲਾਹ ਕੇ
ਔਰਤ ਦੇ ਸਿਰ ਧਰ ਦਿੰਦਾ ਹੈ

ਸਮਝਦਾਰੀ ਦਾ ਤਾਜ਼ ਆਪਣੇ ਸਿਰ
ਧਰ ਕੇ
ਤਾਕਤ ਦੇ ਨਸ਼ੇ ਵਿੱਚ ਆ ਕੇ
ਇਸ ਦੁਨੀਆਂ ਦੇ ਸਾਰੇ ਨਿਯਮ
ਆਪੇ ਹੀ ਉਹ ਤੈਅ ਕਰ
ਦਿੰਦਾ ਹੈ
ਪਰ
ਇਹ ਸਭ ਬਹੁਤ ਹੁਣ ਵਕਤ ਵਿਹਾ
ਚੁੱਕਿਆ ਹੈ
ਔਰਤ ਨੂੰ ਵੀ ਨੀਦ ’ਚੋਂ ਉੱਠਣਾ
ਪਵੇਗਾ
ਦੁਨੀਆਂ ਨੂੰ ਇਹ ਦੱਸਣਾ
ਪਵੇਗਾ
ਕਿ
ਕਾਰਨ ਔਰਤ ਨਹੀਂ ਹੈ....
ਹਰ ਪੁਆੜੇ ਦੀ ਜੜ੍ਹ
ਆਦਮੀ ਹੀ ਹੈ।
✪

## ਉਸਨੂੰ ਚੰਗਾ ਲੱਗਦਾ ਹੈ

ਉਸਨੂੰ ਚੰਗਾ ਲੱਗਦਾ ਹੈ
ਜਦੋਂ ਉਸਦਾ ਪ੍ਰੋਫ਼ੈਸਰ ਕਹਿੰਦਾ ਹੈ
ਅੱਜ ਮੌਸਮ ਖੁਸ਼ਗਵਾਰ ਨਹੀਂ ਹੈ
ਅੱਜ ਕੈਲਿਓਪੈਟਰਾ ਨਹੀਂ ਆਈ

ਉਸਨੂੰ ਚੰਗਾ ਲੱਗਦਾ ਹੈ
ਜਦ ਕੋਈ ਉਸਨੂੰ ਦੱਸਦਾ ਹੈ
ਉਹ ਖੁਸ਼ ਹੁੰਦੀ ਹੈ
ਜਦੋਂ ਉਹ ਉਸਨੂੰ ਦੱਸਦਾ ਹੈ
ਉਸਦਾ ਨੱਕ ਤੇ ਅੱਖੀਆਂ ਤੋਂ
ਉਹ ਉਸਨੂੰ
ਕੈਲਿਓਪੈਟਰਾ ਹੀ ਲੱਗਦੀ ਹੈ

ਉਹ ਕਹਿੰਦਾ ਹੈ ਕਿ
ਉਹ ਹੀ ਕੈਲਿਓਪੈਟਰਾ ਨੂੰ ਕਲਾਸ
ਵਿੱਚ ਪੜੇ
ਕਿਉਂਕਿ ਉਸਦੀ ਅਵਾਜ਼ ਉਸ
ਵਰਗੀ ਹੈ
ਉਹ ਖੁਸ਼ ਹੁੰਦੀ ਹੈ
ਆਪਣੀ ਤਾਰੀਫ਼ ਸੁਣਕੇ
ਪਰ ਫਿਰ ਉਸਦਾ ਦਿੱਲ ਹੀ ਉਸ ਉੱਪਰ
ਹੱਸਦਾ ਹੈ
ਉਹ ਉਸਨੂੰ ਕੁੱਝ ਦੱਸਦਾ ਹੈ
ਉਹ ਸੋਚਾਂ ਵਿੱਚ ਜਾ ਵਹਿੰਦੀਂ ਹੈ
ਖ਼ੁਦ ਤੋਂ ਹੀ ਪੁੱਛਦੀ ਰਹਿੰਦੀ ਹੈ
ਉਹ ਕੈਲਿਉਪੈਟਰਾ
ਕਿਵੇਂ ਹੋ ਸਕਦੀ ਹੈ

ਜਾਂ
ਉਹ ਹੋ ਸਕਦੀ ਹੈ

ਕੀ ਕੈਲਿਓਪੈਟਰਾ ਹੂਰ ਸੀ ਕੋਈ
ਜਾ ਕਿਸੇ ਗੱਲ ਤੋਂ ਮਜ਼ਬੂਰ ਸੀ ਹੋਈ
ਜਾਂ ਲੱਭ ਰਹੀ ਸੀ ਕੋਈ ਸਾਧਨ
ਆਪਣਾ ਸਾਸ਼ਨ ਬਚਾਉਣ ਲਈ
ਵਰਤ ਰਹੀ ਸੀ ਕਈ ਪੈਂਤੜੇ
ਮਰਦਾਂ ਨੂੰ ਰਿਝਾਉਣ ਦੇ
ਤਾਂ ਕਿ ਕੋਈ ਉਸਦੇ ਸਾਸ਼ਨ ਨੂੰ ਖਤਮ
ਨਾ ਕਰ ਦਏ
ਉਸਨੇ ਬੰਨ੍ਹਕੇ ਰੱਖਿਆ ਸੀ
ਉਹਨਾਂ ਨੂੰ
ਆਪਣੀਆਂ ਮਨਮੋਹਕ ਅਦਾਵਾਂ
ਦੇ ਨਾਲ

ਹੁਣ ਉਸਨੂੰ ਗੁੱਸਾ ਆਉਂਦਾ ਹੈ
ਉਸਦਾ ਦਿੱਲ ਸਮਝਾਉਂਦਾ ਹੈ
ਕਿ ਉਹ ਕੈਲਿਓਪੈਟਰਾ ਨਹੀਂ ਹੈ
ਕਿਉਂਕਿ
ਉਹ ਜਿਸਮ ਦੇ ਸਹਾਰੇ ਨਹੀਂ
ਦਿਮਾਗ ਦੇ ਸਹਾਰੇ
ਦੁਨੀਆਂ ਨੂੰ ਜਿੱਤੇਗੀ
ਹੁਣ ਉਸਨੂੰ ਗੁੱਸਾ ਆਉਂਦਾ ਹੈ
ਜਦ ਉਸਦਾ ਪ੍ਰੋਫ਼ੈਸਰ ਉਸਨੂੰ
ਦੱਸਦਾ ਹੈ ਕਿ
ਉਹ ਉਸਨੂੰ 'ਕੈਲਿਓਪੈਟਰਾ' ਵਰਗੀ
ਲੱਗਦੀ ਹੈ
ਉਸਨੂੰ ਸੋਹਣੀ ਕਹਾਉਣਾ ਤਾਂ
ਚੰਗਾ ਲੱਗਦਾ ਹੈ
ਪਰ! ਪ੍ਰੋਫ਼ੈਸਰ ਦੀਆਂ ਅੱਖਾਂ ਵਿੱਚਲੀ
ਹਵਸ ਨਹੀਂ।
✪

## ਕੋਈ ਨਹੀਂ ਹੈ

ਕੋਈ ਨਹੀਂ ਹੈ ਜੋ ਇਹ ਦੇਖ ਸਕੇ
ਕਿੰਨੇ ਸੁਫ਼ਨੇ ਬੁਣ ਬੁਣ
ਸਿਰ ਤੇ ਲੈ ਕਰਜ਼ੇ ਦੀ ਗਠੜੀ
ਬੁੱਢੇ ਮਾਂ ਪਿਉ
ਧੀ ਨੂੰ ਡੋਲੀ 'ਚ ਸੀ ਤੋਰਿਆ
ਉਸਦੇ ਸੁਫ਼ਨਿਆਂ ਦੇ ਮਹਿਲ ਵਿੱਚ

ਪਰ
ਤੂੜੀ ਵਾਲੇ ਕਮਰੇ ਵਿੱਚ
ਰਾਜਕੁਮਾਰੀ ਦੀ ਕਬਰ ਬਣਾ ਦਿੱਤੀ
ਜਾਂਦੀ ਹੈ
ਗਲ਼ ਚੁੱਕੇ ਜਿਸਮ ਦੇ ਨਾਲ ਨਾਲ
ਸੜ ਚੁੱਕੇ ਸੁਫਨਿਆਂ ਦੀ
ਸੜ੍ਹਿਆਂਦ ਦੂਰ ਦੂਰ ਤੱਕ ਫ਼ੈਲ
ਜਾਂਦੀ ਹੈ
ਸਮਾਜ ਦੇ ਡਿੱਗ ਚੁੱਕੇ
ਮਿਆਰ ਦੀ ਬਦਬੂ ਖਿਲਾਰਦੀ ਹੋਈ

ਤੂੰ ਕਿੰਨੀ ਵੀ ਚੰਗੀ ਹੋ ਜਾ
ਕਿੰਨੇ ਵੀ ਚੰਗੇ ਹੋਵਣ ਤੇਰੇ ਜਾਏ
ਤੇਰੇ ਸੁਫ਼ਨਿਆਂ ਲਈ ਕੋਈ ਥਾਂ ਨਹੀਂ ਹੈ
ਇਹਨਾਂ ਨੂੰ ਸੜ੍ਹਨਾ ਹੀ ਪੈਣਾ ਹੈ
ਬਹੁਤ ਘੱਟ ਬਾਸ਼ਿੰਦੇ ਨੇ ਇਸ
ਨਗਰੀ ਵਿੱਚ
ਜੋ ਤੇਰੇ ਸੁਫ਼ਨਿਆਂ ਦੇ ਲਈ
ਤੇਰੇ ਨਾਲ ਖੜ੍ਹੇ ਹੋਵਣ
ਸ਼ਾਇਦ ਕੋਈ ਨਹੀਂ ਹੈ!
✪

## ਕਮਾਲ ਹੈ

ਕਮਾਲ ਹੈ
ਕਮਾਲ ਹੈ
ਕਮਾਲ ਹੈ
ਆਧੁਨਿਕਤਾ ਦੇ ਇਸ ਯੁੱਗ ਵਿੱਚ
ਔਰਤ ਦਾ ਜਾਹੋ ਜਲਾਲ
ਕਮਾਲ ਹੈ

ਆਦਮੀ ਤਾਂ ਹੋਇਆ ਪਿਆ
ਹਾਲੋਂ ਬੇਹਾਲ ਹੈ
ਵਿਸ਼ਵੀਕਰਨ ਦੀ
ਇਸ ਮੰਡੀ ਵਿੱਚ
ਔਰਤਾਂ ਦੇ ਸਿਰਾਂ ਤੇ ਹੀ ਵਿਕਦਾ
ਸਭ ਮਾਲ ਹੈ
ਔਰਤ ਦੇ ਸਾਥ ਬਿਨ੍ਹਾਂ ਇੱਕ ਕਦਮ ਨਾ
ਚੱਲ ਸਕੇ
ਆਦਮੀ ਦਾ ਹੋਇਆ ਪਿਆ
ਬੁਰਾ ਹਾਲ ਹੈ
ਪੈਸੇ ਦੇ ਯੁੱਗ ਦਾ ਇਹ
ਸਾਰਾ ਕਮਾਲ ਹੈ

ਔਰਤ ਤੋਂ ਬਿਨਾਂ ਦੁਨੀਆ ਕੰਗਾਲ ਹੈ
ਬਿਜ਼ਨਸ ਦੀ ਦੁਨੀਆਂ ਇਹ
ਔਰਤਾਂ ਦੇ ਸਿਰ ਤੇ ਹੀ ਚੱਲਦੀ ਹੈ
ਔਰਤ ਦੇ ਕੱਪੜਿਆਂ ਜੁੱਤੀਆਂ ਪਰਸਾਂ
ਤੇ ਸਭ ਗਹਿਣਿਆਂ ਦਾ ਕਮਾਲ ਹੈ

ਪੈਰਾਂ ਦੀ ਜੁੱਤੀ ਜੋ ਕਦੇ ਔਰਤ ਨੂੰ
ਦੱਸਦਾ ਸੀ
ਔਰਤ ਤੋਂ ਬਿਨਾਂ ਨਾ ਚੱਲਦਾ ਉਸਦਾ
ਕੋਈ ਕਾਰੋਬਾਰ ਹੈ
ਔਰਤ ਦੇ ਕਰਕੇ ਹੀ ਚੱਲਦਾ
ਸੰਸਾਰ ਹੈ
ਕਮਾਲ ਹੈ!
ਕਮਾਲ ਹੈ!!
✪

## ਫ਼ਰਕ

ਪੱਛਮ ਨੂੰ ਕਈ ਭੈੜਾ ਨੇ ਕਹਿੰਦੇ
ਸ਼ਰਮ-ਹਯਾ ਨਾ ਉੱਥੇ ਕਹਿੰਦੇ
ਪਰ ਇਹ ਉਹ ਲੋਕੀਂ ਭੁੱਲ ਜਾਂਦੇ ਨੇ
ਉੱਥੇ ਔਰਤ ਦਾ ਮਿਆਰ ਹੈ ਉੱਚਾ
ਬਿਨ ਕੱਪੜੇ ਵੀ ਸਤਿਕਾਰ ਹੈ ਸੁੱਚਾ
ਬਿਕਨੀ ਪਾ ਵੀ ਉਹ ਘੁੰਮ ਸਕਦੀ ਹੈ
ਅਧਨੰਗੇ ਕੱਪੜਿਆਂ ਦੇ ਵਿੱਚ
ਵਿੱਚ ਬਜ਼ਾਰਾਂ ਸੜਕਾਂ ਤੇ ਉਹ
ਤੁਰ ਸਕਦੀ ਹੈ

ਪਿੱਛੇ ਪਿੱਛੇ ਉਸਦੇ ਕੋਈ ਤੁਰ
ਨਹੀਂ ਸਕਦਾ
ਮਾਰ ਸੀਟੀਆਂ ਕੋਈ ਤੰਗ ਕਰ
ਨਹੀਂ ਸਕਦਾ
ਮਾੜੀ ਨਿਗ੍ਹਾ ਨਾਲ ਕੋਈ ਨਹੀਂ ਹੈ
ਤੱਕਦਾ
ਭੈੜੇ ਕੋਈ ਕੁਮੈਂਟਸ ਨਹੀਂ ਹੈ
ਕੱਸਦਾ

ਪਰ ਭਾਰਤ ਵਿੱਚ ਸਨਮਾਨ ਹੈ ਇੰਨਾ
ਬੁਰਕੇ ਵਿੱਚ ਵੀ ਔਰਤ ਨੂੰ ਹੈ ਖਤਰਾ
ਇੱਧਰ ਉੱਧਰ ਆ ਜਾ ਨਹੀਂ ਸਕਦੀ
ਕੱਲੀ ਬੇਠਕੇ ਗਾ ਨਹੀ ਸਕਦੀ
ਕੱਪੜੇ ਪਾ ਕੇ ਵੀ ਘੁੰਮਦੀ ਨੂੰ
ਅੱਖਾਂ ਪਾੜ ਪਾੜ ਸਭ ਤੱਕਦੇ ਨੇ ਰਹਿੰਦੇ
ਪਿੱਛੇ ਪਿੱਛੇ ਘੁੰਮਦੇ ਨੇ ਰਹਿੰਦੇ
ਸੀਟੀਆਂ ਮਾਰ ਮਾਰ ਕੁਮੈਂਟਸ ਨੇ ਕੱਸਦੇ
ਕਿਰਦਾਰ ਨੂੰ ਉਸਦੇ ਤਹਿ ਨੇ ਕਰਦੇ
ਫਿਰ ਵੀ ਪੱਛਮ ਨੂੰ ਭੈੜਾ ਕਹਿੰਦੇ।

✪

## ਉਹ ਧਰਤੀ ਹੈ

ਉਹ ਹਵਾ ਜਿਹਾ ਇੱਕ ਗੀਤ ਹੈ
ਜੋ ਆਪੇ ਹੀ ਵੱਜਦਾ ਹੈ
ਆਪਣੇ ਆਪ ਨੂੰ ਆਪ ਹੀ ਸੁਣਦਾ ਹੈ
ਛੇੜੇ ਜੋ ਮੋਹ ਦੀਆਂ ਤੰਦਾਂ ਨੂੰ

ਉਹ ਧਰਤੀ ਦੀ ਹਿੱਕ ਉਪੱਰ ਚਲਦੇ
ਹਲ਼ ਦੀਆਂ
ਸਿਸਕੀਆਂ 'ਚੋਂ ਨਿਕਲਿਆ
ਇੱਕ ਸੰਗੀਤ ਜਿਹਾ ਹੈ
ਜੋ ਆਪਣੇ ਆਪ ਨੂੰ ਆਪੇ ਬੀਜੇ
ਆਪੇ ਹੀ ਵੱਢੇ
ਪਰ ਖੁਆਵੇ ਦੂਸਰਿਆਂ ਨੂੰ
ਉਹ ਮਹਿਕ ਹੈ ਬਹਾਰਾਂ ਦੀ
ਜੋ ਖੁਸ਼ਬੂ ਆਪਣੀ ਵੰਡ ਦੇਵੇ
ਆਪਣੀਆਂ ਖਾਹਿਸ਼ਾਂ ਸਿਸਕੀਆਂ ਨੂੰ
ਮੁਸਕਾਨ ਦੀ ਚਾਦਰ ਵਿੱਚ ਲਪੇਟ ਕੇ
ਰੱਖ ਲਵੇ

ਔਰਤ ਉਹ ਧਰਤੀ ਹੈ
ਜੋ ਆਪ ਹਰ ਦੁੱਖ ਜਰਦੀ ਹੈ
ਆਪ ਉਹ ਭੁੱਖੀ ਰਹਿ ਜਾਏ ਬੇਸ਼ੱਕ
ਬੱਚਿਆਂ ਦਾ ਢਿੱਡ ਉਹ ਭਰਦੀ ਹੈ
ਕਦੀ ਖੇਤਾਂ ਵਿੱਚ ਪੱਠੇ ਵੱਢ
ਕਦੀ ਸੜਕਾਂ ਤੇ ਇੱਟਾਂ-ਬੱਜਰੀ ਚੱਕ
ਕਦੇ ਪੱਥਰਾਂ ਨੂੰ ਵੀ ਕੱਟਦੀ ਹੈ
ਕਦੇ ਮੰਡੀਆਂ ਦੇ ਵਿੱਚ ਸੱਜਦੀ ਹੈ
ਕਦੇ ਕੋਈ ਲਾਚਾਰ

ਭਿਖਾਰੀ ਬਣ ਸੜਕਾਂ ਤੇ ਆ ਖੜ੍ਹਦੀ ਹੈ
ਉਹ ਇੱਕ ਚਟਾਨ ਜਿਹੀ ਹੈ
ਜੋ ਟੁੱਟਦੀ ਵੀ ਹੈ
ਡਿੱਗਦੀ ਵੀ ਹੈ
ਵਿੱਚ ਮੁਸ਼ਕਿਲ ਉਹ ਤਾਕਤ ਬਣਕੇ
ਖੜ੍ਹਦੀ ਹੈ
ਔਰਤ ਉਹ ਧਰਤੀ ਹੈ
ਜੋ ਸਭ ਦੁੱਖ ਆਪ ਹੀ
ਜਰਦੀ ਹੈ।
✪

## ਲੱਭਦੀ ਫਿਰੇ

ਹਾਰ ਸ਼ਿੰਗਾਰ ਲਾ ਕੇ
ਪੈਰਾਂ ਦੇ ਵਿੱਚ ਘੁੰਗਰੂ ਪਾ ਕੇ
ਉਹ ਦਿਲ ਦਾ ਮਹਿਰਮ ਲੱਭਦੀ ਫਿਰੇ

ਉਹ ਕਹਿੰਦਾ ਮੈਂ ਵੀ ਤੇਰਾ
ਹਰ ਕੋਈ ਕਹਿੰਦਾ ਤੇਰਾ ਹੀ ਹਾਂ
ਸਿਰਫ਼ ਤੇਰਾ ਹੀ ਤੇਰਾ....
ਪਰ ਜਿਸਮਾਂ ਦੀਆਂ ਮੰਡੀਆਂ ਦੇ ਵਿੱਚ
ਦਿਲ ਦੇ ਮਹਿਰਮ ਕਦੇ ਨਾ
ਲੱਭਦੇ।
✪

## ਕਿਉਂ ?

ਕਿਉਂ ਆ ਕੇ ਮੇਰੀ ਕਬਰ ਤੇ
ਫੁੱਲ ਪਏ ਚੜ੍ਹਾਉਂਦੇ ਹੋ ?
ਮੰਗਦੇ ਹੋ ਦੁਆਵਾਂ ਸਦੀਵੀ ਪਿਆਰ ਦੀਆਂ
ਨੱਕ ਪਏ ਰਗੜਦੇ ਹੋ
ਦੇਖੋ ਸਮਝੋ ਪੁੱਛੋ ਸਮੇਂ ਨੂੰ
ਸਭ ਨੇ ਮਿਲ ਕੇ
ਕਿਵੇਂ ਮੈਨੂੰ ਸਤਾਇਆ ਸੀ
ਸਮਾਜ ਦੇ ਠੇਕੇਦਾਰਾਂ
ਕਿਵੇਂ ਮੇਰਾ ਦਿਲ ਦੁਖਾਇਆ ਸੀ

ਫ਼ੋਕੀ ਇੱਜ਼ਤ ਮਾਣ ਦੇ ਕਰਕੇ
ਮੈਨੂੰ ਬਹੁਤ ਰੁਲਾਇਆ ਸੀ
ਮੇਰੇ ਆਪਣਿਆਂ ਨੇ ਹੀ ਮੈਨੂੰ
ਦੁੱਧ ਦੇ ਵਿੱਚ ਜ਼ਹਿਰ ਮਿਲਾ ਕੇ
ਪਿਆਇਆ ਸੀ
ਧੋਖਾ ਦੇ ਕੇ ਮਾਰ ਮੁਕਾਇਆ ਸੀ
ਮੇਰੀ ਹਾਲਤ ਜੋ ਕੱਲ੍ਹ ਸੀ
ਅੱਜ ਵੀ ਉਹ ਹੀ ਹੈ

ਬਸ ਨਜ਼ਰੀਆ ਬਦਲਿਆ ਹੈ
ਮੇਰੇ ਲਈ
ਮੇਰੇ ਮੁੱਕ ਜਾਣ ਦੇ ਮਗਰੋਂ
ਜੋ ਕਈਆਂ ਦੇ ਦਿਲਾਂ ਵਿੱਚ
ਮੇਰੇ ਲਈ ਪਿਆਰ ਮੁੜ ਆਇਆ ਸੀ
ਪਰ ਜੇ ਅੱਜ ਮੈਂ ਫਿਰ ਪੈਦਾ ਹੋ ਜਾਂਵਾਂ
ਉਸੇ ਹੀ ਕਤਾਰ ਵਿੱਚ ਨਜ਼ਰ ਆਵਾਂਗੀ
ਬੇਸ਼ਰਮ ਕੁੱਲਖਣੀ ਹੀਰ ਹੀ ਕਹਾਵਾਂਗੀ
ਫਿਰ ਕਿਉਂ ਆ ਕੇ ਮੇਰੀ ਕਬਰ ਤੇ
ਫੁੱਲ ਪਏ ਚੜ੍ਹਾਉਂਦੇ ਹੋ।
✪

## ਸਾਹਿਬਾਂ

ਕਿੱਸਿਆਂ ਵਿੱਚ ਜਦ ਸਾਹਿਬਾਂ ਦਾ
ਕਿਰਦਾਰ
ਦਿਖਾਉਂਦੇ ਨੇ
ਸਾਹਿਬਾਂ ਨੂੰ ਬੇਵਫ਼ਾ ਦਰਸਾਉਂਦੇ ਨੇ
ਸਾਹਿਬਾਂ ਮਰ ਜਾਣੀ
ਖਸਮਾਂ ਨੂੰ ਖਾਣੀ
ਬਣੀ ਭਰਾਵਾਂ ਦੀ ਹਰ ਕੋਈ ਕਹਿੰਦਾ
ਸਾਹਿਬਾ ਜਿੰਨਾਂ ਮਿਰਜ਼ੇ ਨੂੰ ਚਾਹਵੇ
ਭਰਾਵਾਂ ਨੂੰ ਵੀ ਦਿਲ ਵਿੱਚ ਵਸਾਵੇ
ਇਹ ਕੋਈ ਨਾ ਕਹਿੰਦਾ

ਕਹਿੰਦੇ ਸਾਹਿਬਾਂ ਵੈਰ ਕਮਾਇਆ
ਸਾਹਿਬਾਂ ਮਿਰਜ਼ਾ ਯਾਰ ਮਰਵਾਇਆ
ਪਰ ਸਾਹਿਬਾਂ ਮਿਰਜ਼ੇ ਨੂੰ ਖੋ ਕੇ
ਆਪਣਾ ਆਪ ਵੀ ਸੀ ਮਿਟਾਇਆ
ਇਹ ਕੋਈ ਨਾ ਕਹਿੰਦਾ

ਸਾਹਿਬਾਂ ਜੇ ਭਰਾ ਮਰਵਾਉਂਦੀ
ਤਾਂ ਵੀ ਮਰ ਜਾਣੀ ਹੀ ਅਖਵਾਉਂਦੀ
ਉਹ ਤਾਂ ਸਭ ਗਵਾ ਬੈਠੀ ਸੀ
ਆਪਣਾ ਆਪ ਮਿਟਾ ਬੈਠੀ ਸੀ

ਮਿਰਜ਼ੇ ਨੂੰ ਤਾਂ ਹੰਕਾਰ ਸੀ ਚੜ੍ਹਿਆ
ਉਹ ਤਾਂ ਆਪਣੇ ਆਪ ਸੀ ਮਰਿਆ
ਸਾਹਿਬਾਂ ਦੇ ਸਿਰ ਕਸੂਰ ਸਭ ਨੇ ਸੀ
ਮੜ੍ਹਿਆ

ਅੱਜ ਵੀ ਸਾਹਿਬਾਂ ਜੇ ਪਿਆਰ ਨਿਭਾਵੇ
ਹਜ਼ਾਰਾਂ ਦੀ ਉਹ ਰੰਨ ਕਹਾਵੇ
ਜੇ ਅੱਜ ਵੀ ਉਹ ਭਰਾਵਾਂ ਨੂੰ ਬਚਾਵੇ
ਦਿਲਬਰ ਦੀਆਂ ਨਜ਼ਰਾਂ ਵਿੱਚ
ਗਿਰ ਜਾਵੇ
ਜੇ ਮਾਪਿਆਂ ਦੀ ਇੱਜ਼ਤ ਲਈ
ਖੜ੍ਹ ਜਾਵੇ
ਫਿਰ ਵੀ ਉਹ ਬੇਵਫ਼ਾ ਕਹਾਵੇ
ਜੇ ਆਪਣੇ ਪਿਆਰ ਦੇ ਲਈ
ਉਹ ਖੜ੍ਹ ਜਾਵੇ
ਬੇਗ਼ੈਰਤ ਕੁੱਲਖਣੀ ਉਹ ਕਹਾਵੇ
ਸਾਹਿਬਾਂ ਨਾ ਇੱਧਰ ਦੀ
ਸਾਹਿਬਾਂ ਨਾ ਉਧੱਰ ਦੀ
ਦੱਸੋ ਸਾਹਿਬਾਂ ਹੁਣ
ਕਿੱਧਰ ਜਾਵੇ।
✪

## ਇੱਜ਼ਤ

ਬਾਪ ਦੀ ਪੱਗੜੀ
ਪੈਰਾਂ ਵਿੱਚ ਰੋਲ ਤੈਨੂੰ ਕਿਵੇਂ ਲੱਗਿਆ
ਅੱਖੀਆਂ 'ਚ ਛੱਮਛੱਮ ਵੱਗਦਾ ਨੀਰ ਜਦ
ਤੂੰ ਤੱਕਿਆ
ਹੱਥ 'ਚ ਲਾਲ ਚੂੜਾ
ਸੂਹਾ ਸੂਟ ਕਿਵੇਂ ਸੋਹਣਾ ਲੱਗਿਆ
ਘਰੋਂ ਪੈਰ ਪੱਟੇ ਜਦੋਂ
ਤੇਰਾ ਦਿੱਲ ਨਾ ਕੁੱਝ ਬੋਲਿਆ

ਬਾਪ ਦੀਆਂ ਸੱਧਰਾਂ ਦਾ
ਖ਼ੂਨ ਜਦ ਸੀ ਤੂੰ ਡੋਲ੍ਹਿਆ
ਕੀ ਬੀਤੀ ਉਸ ਉਪਰ
ਕਦੇ ਉਸਦਾ ਮਨ ਸੀ ਤੂੰ ਟਟੋਲਿਆ
ਜਿਉਂਦੇ ਜੀ ਸਭ ਮਾਰ ਦਿੱਤੇ
ਦਿਲ ਤੇਰਾ ਕੁੱਝ ਵੀ ਨਾ ਸੀ ਬੋਲਿਆ
ਧੋਖ਼ਾ ਦੇਣ ਵੇਲੇ ਮਨ ਜਰਾ ਵੀ ਨਾ
ਡੋਲਿਆ

ਉਸਦੇ ਪਿਆਰ ਅੱਗੇ
ਮਾਪਿਆਂ ਦਾ ਪਿਆਰ ਕੁੱਝ ਨਾ ਸੀ
ਲੱਗਿਆ
ਅੱਖੀਆਂ 'ਚ ਥੋੜ੍ਹਾ ਜਿਹਾ ਨੀਰ ਵੀ
ਨਹੀਂ ਸੀ ਵੱਗਿਆ
ਬਾਪ ਦੀ ਪੱਗੜੀ ਪੈਰਾਂ ਵਿੱਚ ਰੋਲ
ਤੈਨੂੰ ਕਿਵੇਂ ਸੀ ਲੱਗਿਆ।
✪

## ਮੀਰਾ

ਮੀਰਾ ਕਿੰਨੀ ਪਾਕ ਸੀ
ਜ਼ਹਿਰ ਦਾ ਪਿਆਲਾ ਤਾਂ ਉਸਨੂੰ ਵੀ
ਪੀਣਾ ਪਿਆ
ਪਾਕ ਮੁਹੱਬਤ ਦੀ ਖਾਤਿਰ
ਕੰਡਿਆਂ ਤੇ ਤੁਰਨਾ ਪਿਆ
ਦਰਦ ਇੱਕ ਸਹਿਣਾ ਪਿਆ

ਮਹਿਲਾਂ ਦੀ ਰਾਜਕੁਮਾਰੀ ਨੂੰ ਵੀ
ਇਹ ਹੱਕ ਹਾਸਿਲ ਨਾ ਹੋਇਆ
ਕਿ ਲੈ ਸਕੇ ਉਹ ਰੱਬ ਦਾ ਨਾਮ ਵੀ
ਆਪਣੀ ਮਰਜ਼ੀ ਦੇ ਮੁਤਾਬਿਕ
ਰਾਜ ਪਾਟ ਤੇ ਘਰ ਬਾਰ ਉਸ ਨੂੰ ਵੀ
ਗਵਾਉਣਾ ਪਿਆ

ਜਿਉਂਦੇ ਜੀ ਕਦੇ ਲੋਕਾਂ ਤੋਂ
ਕਦੇ ਘਰਦਿਆਂ ਤੋਂ
ਗਾਲ਼ਾਂ ਤਾਹਨਿਆਂ ਦਾ ਇਨਾਮ ਇੱਕ
ਲੈਣਾ ਪਿਆ
ਜ਼ਹਿਰੀਲੇ ਨਾਗਾਂ ਤੋਂ ਜ਼ਹਿਰ ਦਾ
ਡੰਗ ਕਈ ਵਾਰ ਸਹਿਣਾ ਪਿਆ
ਮੀਰਾ ਕਿੰਨੀ ਪਾਕ ਸੀ।
✪

## ਸੀਤਾ

ਹੇ ਧਰਤੀ ਮਾਂ ਤੂੰ ਪਾਟ ਜਾ!
ਆਪਣੀ ਗੋਦ ਵਿੱਚ ਬਿਠਾ ਲਏ ਮੈਨੂੰ
ਸੀਨੇ ਨਾਲ ਤੂੰ ਲਾ ਲਏ ਮੈਨੂੰ

ਦਿਲ ਤਾਂ ਉਸਦਾ ਵੀ ਦੁਖਿਆ ਸੀ
ਉਹ ਰੋਈ ਤੇ ਕੁਰਲਾਈ
ਸੀਤਾ ਧਰਤੀ ਮਾਂ ਦੀ ਜਾਈ
ਧਰਤੀ ਵਿੱਚ ਹੀ ਜਾ ਸਮਾਈ
ਜਦ ਰਾਮ ਹੀ ਉਸ ਨਾਲ ਨਾ ਖੜ੍ਹਿਆ
ਫਿਰ ਕਦੇ ਨਾ ਉਸ ਰਾਮ ਨੂੰ ਤੱਕਿਆ
ਮੁੜਕੇ ਕਦੇ ਉਹ ਵਾਪਸ ਨਹੀਂ ਸੀ ਆਈ
ਸੀਤਾ ਧਰਤੀ ਮਾਂ ਦੀ ਜਾਈ
ਧਰਤੀ ਵਿੱਚ ਹੀ ਜਾ ਸਮਾਈ

ਆਪਣੇ ਅਣਖੀ ਹੋਵਣ ਦਾ ਭੇਦ ਜੱਗ
ਜ਼ਾਹਰ ਕੀਤਾ
ਤੇ
ਰਾਮ ਨੂੰ ਖਾਲ਼ੀ ਹੱਥ ਹੀ
ਮੁੜਨਾ ਪਿਆ
ਸੀਤਾ ਧਰਤੀ ਮਾਂ ਦੀ ਸੀ ਜਾਈ
ਨਾ ਕੀਤੀ ਉਸਨੇ ਜੱਗ ਹਸਾਈ
ਆਪਣੀ ਮਾਂ ਦੀ ਲਾਜ ਬਚਾਈ
ਜਦ ਧਰਤੀ ਵਿੱਚ ਉਹ ਜਾ
ਸਮਾਈ।

✪

## ਉਸਨੂੰ ਕੀ ਪਤਾ ਸੀ
**(ਇਹ ਕਵਿਤਾ ਅੱਠ ਸਾਲ ਦੀ ਰੇਪ ਦਾ ਸ਼ਿਕਾਰ ਬੱਚੀ ਆਸਿਫ਼ਾ ਬਾਨੋ ਲਈ ਹੈ)**

ਉਸਨੂੰ ਕੀ ਪਤਾ ਸੀ ਕਿ
ਬਘਿਆੜ ਘਾਤ ਲਗਾਈ ਬੈਠਾ ਹੈ
ਉਹ ਘਰ 'ਚੋਂ ਨਿਕਲੇਗੀ
ਤੇ ਉਹ
ਝਪਟ ਪਵੇਗਾ
ਬਣਾ ਲਵੇਗਾ
ਉਸਨੂੰ ਆਪਣਾ ਸ਼ਿਕਾਰ

ਉਹ ਤਾਂ ਸੀ ਅਣਭੋਲ ਜਿਹੀ
ਮਾਸੂਮ ਬੱਚੀ
ਜਿਸ ਬਚਪਨ ਵੀ ਨਹੀਂ ਸੀ ਜੀਵਿਆ
ਅਜੇ ਤੱਕ
ਉਸਨੂੰ ਤਾਂ ਭੈੜੀਆ ਵੀ
ਇੱਕ ਆਮ ਜਿਹਾ ਕੋਈ ਸਖਸ਼
ਲੱਗਾ ਹੋਵੇਗਾ
ਉਹ ਹੈਰਾਨ ਪਰੇਸ਼ਾਨ
ਹੋਈ ਹੋਵੇਗੀ
ਜਦੋਂ ਰਾਖਸ਼ਸ ਨੇ ਆਪਣੀ ਜਾਤ
ਦਿਖਾਈ ਹੋਵੇਗੀ

ਉਸ ਨਾਲ ਕੀ ਕੁੱਝ ਹੋ ਰਿਹਾ ਸੀ
ਕਿਉਂ ਹੋ ਰਿਹਾ ਸੀ ?
ਉਸਨੂੰ ਕੁੱਝ ਵੀ ਸਮਝ ਨਾ
ਆਇਆ ਹੋਵੇਗਾ
ਜਦ ਮੰਦਿਰ ਵਿੱਚ ਉਸਨੂੰ
ਛੁਪਾਇਆ ਹੋਵੇਗਾ
ਕੋਹ ਕੋਹ ਕੇ ਉਸ ਨੂੰ
ਸਿੰਨਿਆ ਹੋਵੇਗਾ
ਕਾਹਤੋਂ ਵੈਰ ਕਮਾਇਆ ਹੋਵੇਗਾ
ਉਸਨੂੰ ਕੀ ਪਤਾ ਸੀ ?
✪

## ਮੂਰਤੀ ਦੇਖਦੀ ਰਹੀ

**(ਇਹ ਕਵਿਤਾ ਵੀ ਅੱਠ ਸਾਲ ਦੀ ਰੇਪ ਦਾ ਸ਼ਿਕਾਰ ਬੱਚੀ ਆਸਿਫ਼ਾ ਬਾਨੋ ਲਈ ਹੈ)**

ਮੰਦਿਰ ਵਿੱਚ ਸਜ਼ੀ ਮੂਰਤੀ ਵੀ
ਦੇਖਦੀ ਰਹੀ
ਹੈਵਾਨੀਅਤ ਦਾ ਨਾਚ
ਉਹ ਚੀਕਦੀ ਚਿਲਾਉਂਦੀ
ਦਰਦ ਦੇ ਨਾਲ ਕਰਾਹੁੰਦੀ
ਕਦੀ ਅੱਲ੍ਹਾ ਤੇ ਕਦੀ ਭਗਵਾਨ ਨੂੰ
ਪੁਕਾਰਦੀ ਰਹੀ

ਆਖ਼ਿਰ ਜ਼ਖਮੀ ਹੋਏ ਉਸਦੇ ਬੁੱਲ੍ਹ
ਸੀਤੇ ਗਏ
ਖ਼ੂਨ ਦੇ ਅੱਥਰੂ
ਉਸਦੀਆਂ ਨਾਜ਼ੁਕ ਗੱਲਾਂ ਤੇ
ਜੰਮ ਕੇ
ਉਸਨੂੰ ਪਲੋਸਦੇ ਰਹੇ
ਪੱਥਰ ਹੋਈਆਂ ਉਸਦੀਆਂ ਅੱਖੀਆਂ
ਮੰਦਿਰ ਵਿੱਚ ਸਜੀ ਮੂਰਤੀ ਨੂੰ ਸਵਾਲ
ਕਰਦੀਆਂ ਰਹੀਆਂ
ਤੂੰ ਕਿਉਂ ਨਹੀਂ ਬੋਲਦੀ
ਤੂੰ ਕਿਉਂ ਨਹੀਂ ਉੱਠਦੀ
ਕੁੱਝ ਕਰਦੀ ਮੇਰੀ
ਮੱਦਦ ਲਈ

ਤੂੰ ਫ਼ਿਲਮਾਂ ਤੇ ਹਿੰਦੀ ਨਾਟਕਾਂ ਵਿੱਚ ਤਾਂ
ਬਹੁਤ ਛੇਤੀ ਉੱਠ ਜਾਂਦੀ ਹੈ
ਰਾਖਸ਼ਾਂ ਨੂੰ ਮਾਰ ਮੁਕਾਉਂਦੀ ਹੈਂ
ਮੇਰੀ ਮੱਦਦ ਕਿਉਂ ਨਹੀਂ ਕਰਦੀ
ਕੀ ਤੂੰ ਵੀ ਹਿੰਦੂ
ਮੁਸਲਮਾਨ ਵਿੱਚ

ਫ਼ਰਕ ਕਰਦੀ ਹੈਂ
ਤੂੰ ਇਨਸਾਨੀਅਤ ਦੇ ਲਈ ਕਿਉਂ
ਨਹੀਂ ਖੜ੍ਹਦੀ
ਤੂੰ ਕਿਉਂ ਨਹੀਂ ਬੋਲਦੀ
ਪਰ
ਪਰ! ਉਸਨੂੰ ਨਹੀਂ ਸੀ ਪਤਾ
ਮੰਦਿਰ ਵਿੱਚਲੀ ਮੂਰਤੀ ਨੂੰ ਵੀ
ਇਨਸਾਨਾਂ ਦੇ ਵਹਿਸ਼ੀਪਣ ਤੋਂ
ਡਰ ਲੱਗ ਰਿਹਾ ਸੀ

ਉਹ ਸ਼ਰਮ 'ਚ ਡੁੱਬ ਰਹੀ ਸੀ
ਉਹ ਤਾਂ ਸ਼ਰਮ ਨਾਲ ਮਰ ਰਹੀ ਸੀ
ਮੰਦਿਰ ਤੋਂ ਬਾਹਰ ਨਿਕਲਣ
ਦੇ ਲਈ ਕੋਈ
ਤਰਕੀਬ ਲੱਭ ਰਹੀ ਸੀ
ਉਹ ਰੌਲਾ ਪਾ ਰਹੀ ਸੀ
ਉਹ ਦਾਨਵ ਸਨ
ਉਹ ਭੈੜੀਏ ਸਨ
ਰਾਖਸ਼ਸ ਸਨ

ਜੋ ਉਸਦਾ ਬਚਪਨ ਖੋਹ ਕੇ ਲੈ ਗਏ
ਰੱਬ ਨੂੰ ਵੀ ਸ਼ਰਮਸ਼ਾਰ ਕਰ ਗਏ
ਮੰਦਿਰ ਵਿਚਲੀ ਮੂਰਤੀ
ਆਸਿਫ਼ਾ ਦੀਆਂ ਅੱਖਾਂ ਵਿੱਚ ਤੱਕਣ ਤੋਂ
ਡਰ ਰਹੀ ਸੀ
ਮੰਦਿਰ ਵਿੱਚਲੀ ਮੂਰਤੀ
ਆਸਿਫ਼ਾ ਦੀਆਂ ਅੱਖਾਂ ਵਿੱਚ ਤੱਕਣ ਤੋਂ
ਡਰ ਰਹੀ ਸੀ
ਇਸੇ ਲਈ ਉਹ
ਮੰਦਿਰ ਵਿੱਚੋਂ ਬਾਹਰ ਨਿਕਲਣ
ਦੇ ਲਈ
ਕੋਈ ਥਾਂ ਲੱਭ ਰਹੀ ਸੀ।
✪

## ਨਾਸਰੀਨ ਦੇ ਲਈ

ਵਿੱਚ ਚੌਰਾਹੇ ਖੜ੍ਹੀ ਰਹੀ
ਉਹ
ਕੌੜਿਆਂ ਦੀ ਮਾਰ ਵੀ ਜਰੀ ਗਈ
ਉਹ
ਆਪਣੇ ਹੱਠ ਤੇ ਅੜੀ ਰਹੀ
ਉਹ
ਆਪਣੇ ਅਸੂਲਾਂ ਤੇ ਖੜ੍ਹੀ ਰਹੀ
ਉਹ
ਆਪਣੀ ਗੱਲ ਫਿਰ ਵੀ ਕਹਿ ਗਈ
ਉਹ
ਪੱਥਰਾਂ ਨੂੰ ਵੀ ਜਰੀ ਗਈ
ਉਹ

ਇਸ਼ਕ ਨਾਜ਼ਰੀਨ ਤੇ ਇਸ ਤਰ੍ਹਾਂ
ਹੈ ਚੜ੍ਹਿਆ
ਹੱਕ ਤੇ ਸੱਚ ਦਾ ਪੱਲਾ ਹੈ
ਉਸ ਫੜਿਆ
ਉਸਨੂੰ ਪਤਾ ਹੈ
ਉਸਨੂੰ ਪਤਾ ਹੈ
ਸੱਚ ਲਈ ਅੱਜ ਤੱਕ
ਜੋ ਵੀ ਹੈ ਖੜ੍ਹਿਆ
ਕੁੱਝ ਲੋਕਾਂ ਤੋਂ
ਗਿਆ ਨਾ ਜਰਿਆ

ਪੱਥਰ ਖਾ ਖਾ
ਗਾਲ਼ਾਂ ਖਾਕੇ
ਆਪਣਿਆ ਹੱਥੋਂ ਹੀ ਹੈ
ਸੱਚ ਮਰਿਆ
ਝੂਠ ਦੀ ਜੈ ਜੈ ਕਾਰ ਹੈ
ਚਾਰੇ ਪਾਸੇ
ਤਾਹਿਉਂ ਤਾਂ ਸੱਚ
ਸੂਲ਼ੀ ਹੈ ਚੜ੍ਹਿਆ।
✪

## ਜੇ ਕਿਸੇ ਦਾ

ਜੇ ਕਿਸੇ ਦਾ ਦਿਲ ਕਰੇ
ਉਹ ਪੱਥਰ ਮਾਰ ਸਕਦਾ ਹੈ
ਉਹ ਜਿੰਦਾ ਸਾੜ੍ਹ ਸਕਦਾ ਹੈ
ਉਹ ਗੋਲੀ ਸੀਨੇ 'ਚ ਵੀ ਮਾਰ
ਸਕਦਾ ਹੈ

ਪਰ ਸੱਚ ਦੀ ਆਵਾਜ਼ ਨੂੰ ਨਾ ਕੋਈ ਮਾਰ
ਸਕਦਾ ਹੈ
ਜੇ ਕਿਸੇ ਦਾ ਦਿਲ ਕਰੇ
ਉਹ ਭੜਥੂ ਮਚਾ ਸਕਦਾ ਹੈ
ਅੱਗ ਪਾਣੀਆਂ ਨੂੰ ਵੀ ਲਾ ਸਕਦਾ ਹੈ
ਕੁਹਰਾਮ ਮਚਾ ਸਕਦਾ ਹੈ
ਜਿੰਦਾ ਦਫ਼ਨਾ ਸਕਦਾ

ਸੱਚ ਦੀ ਆਵਾਜ਼ ਨੂੰ ਨਾ ਕੋਈ
ਦਫ਼ਨਾ ਸਕਦਾ ਹੈ
ਸੱਚ ਦੀ ਆਵਾਜ਼ ਨੂੰ ਕੋਈ ਚਾਹ ਕੇ ਵੀ
ਨਾ ਮਿਟਾ ਸਕਦਾ ਹੈ।
✪

**ਸ਼ਿਅਰ-1**
ਸਭ ਜੱਗ ਨਿੰਦਿਆ ਔਰਤ ਨੂੰ
ਨਾ ਮਰਦ ਬਿਨਾਂ ਔਰਤ ਦੀ
ਨਾ ਔਰਤ ਬਿਨ੍ਹਾਂ
ਮਰਦ ਦੀ ਕੋਈ ਔਕਾਤ ਹੈ
ਔਰਤ ਦੁਨੀਆਂ ਲਈ
ਰੱਬ ਦੀ ਖ਼ੂਬਸੂਰਤ ਸੁਗਾਤ ਹੈ

**ਸ਼ਿਅਰ-2**
ਦੇਵਤਾ ਬਣਨ ਦਾ ਹੱਕ ਵੀ ਹੈ
ਆਦਮੀ ਦਾ
ਸਲਾਹ ਮਸ਼ਵਰੇ ਵੀ ਸਿਰਫ਼ ਉਹ ਹੀ
ਦੇ ਸਕਦਾ ਹੈ

**ਸ਼ਿਅਰ-3**
ਰਾਜਕੁਮਾਰੀਆਂ ਹੀ ਕਤਲ ਹੁੰਦੀਆਂ ਨੇ
ਇੱਜ਼ਤਾਂ ਅਣਖਾਂ
ਦੇ ਕਰਕੇ
ਰਾਜਕੁਮਾਰ ਤਾਂ ਕਤਲ
ਕਰਕੇ ਵੀ
ਸ਼ਰ੍ਹੇਆਮ ਹੀ ਤੁਰੇ
ਫਿਰਦੇ ਨੇ

**ਸ਼ਿਅਰ-4**
ਸੁਫ਼ਨਿਆਂ ਦਾ ਸਜਣਾ ਤੇ ਟੁੱਟਣਾ
ਆਸਮਾਨ ਨੂੰ ਤੱਕਣਾ
ਜ਼ਮੀਨ ਤੋਂ ਫ਼ਿਸਲਣਾ
ਉਮੀਦਾਂ ਜਗਾਉਣਾ
ਆਸਾਂ ਦਾ ਟੁੱਟਣਾ
ਹੈ ਇਹ ਟੁਕੜਾ-ਟੁਕੜਾ ਉਸਦੀ
ਹੋਂਦ ਦਾ
ਰੂਹ ਦਾ ਅਹਿਸਾਸ ਸਭ
ਤੋੜ ਦਿੰਦਾ ਹੈ।
✪

## ਕੱਦ ਤੱਕ

ਨਾਰੀ ਦਾ ਸ਼ੋਸ਼ਣ
ਧਰਮ ਜਾਂ ਅਧਰਮ
ਇਨਸਾਨੀਅਤ ਜਾਂ ਹੈਵਾਨੀਅਤ
ਆਜ਼ਾਦੀ ਜਾਂ ਗੁਲਾਮੀ
ਨਾਰੀ ਦਾ ਸ਼ੋਸਣ
ਰੂਹਾਨੀਅਤ ਜਾਂ ਸ਼ੈਤਾਨੀਅਤ
ਕਹਾਣੀ ਜਾਂ ਬੇਈਮਾਨੀ
ਸਵਾਲ ਜਾਂ ਜਵਾਬ

ਨਾਰੀ ਦਾ ਸ਼ੋਸਣ
ਆਨੇ ਜਾਂ ਬਹਾਨੇ
ਨਸ਼ਾ ਸ਼ਰਾਬ ਦਾ ਜਾਂ ਨਸ਼ਾ ਸ਼ਵਾਬ ਦਾ
ਅਸਿਹ ਜਾਂ ਅਕਿਹ
ਨਾਰੀ ਦਾ ਸ਼ੋਸਣ
ਗਿਆਨ ਜਾਂ ਅਗਿਆਨਤਾ
ਧਿਆਨ ਜਾਂ ਬੇਧਿਆਨੀ
ਅਮੀਰੀ ਜਾਂ ਗਰੀਬੀ
ਨਾਰੀ ਦਾ ਸ਼ੋਸਣ
ਕਦੇ ਪਰੇਮ ਪਰੀਤਾਂ ਦੇ ਨਾਂ ਤੇ
ਕਦੇ ਰਿਵਾਜ਼ਾਂ ਗੀਤਾਂ ਦੇ ਨਾਂ ਤੇ
ਕਦੇ ਸ਼ਾਜ ਕਦੇ ਗੀਤਾਂ ਦੇ ਨਾਂ ਤੇ

ਨਾਰੀ ਦਾ ਸ਼ੋਸ਼ਣ
ਖੁਸ਼ਬੂ ਸਮਾਜ ਦੀ ਜਾਂ ਬਦਬੂ
ਸਥਿਰਤਾ ਜਾਂ ਅਸਥਿਰਤਾ
ਅਰਮਾਨ ਜਾਂ ਮੁਸਕਾਨ
ਅਹਿਸਾਸ ਜਾਂ ਅਭਿਆਸ
ਅਰਮਾਨ ਜਾਂ ਫ਼ੁਰਮਾਨ
ਨਾਰੀ ਦਾ ਸ਼ੋਸਣ

ਕਮਾਨ ਚੋਂ ਨਿਕਲਿਆ ਤੀਰ ਜਾਂ
ਨੈਣਾਂ ਦਾ ਨੀਰ
ਕਿਸੇ ਕਮੀਜ਼ ਦੇ ਚੀਥੜਿਆਂ ਦੀ
ਪਾਟੀ ਹੋਈ ਲੀਰ
ਜਾਂ ਬੀਤ ਚੁੱਕੀ ਸਦੀ ਦੀ ਕਿਸੇ
ਕਿਤਾਬ ਦਾ
ਵਿਸ਼ਾ ਗੰਭੀਰ
ਨਾਰੀ ਦਾ ਸ਼ੋਸਣ
ਅਡੰਬਰ ਜਾਂ ਪਰੰਪਰਾ
ਕਦੋਂ ਤੋਂ ਕਦੋਂ ਤੱਕ ਤੇ ਕਿਵੇਂ
ਪੀੜ੍ਹੀ ਦਰ ਪੀੜ੍ਹੀ ਚਲਦਾ ਰਹੇਗਾ
ਕੀ ਕਦੇ ਖ਼ਤਮ ਹੋਵਣ ਦਾ ਨਾਮ
ਨਹੀਂ ਲਵੇਗਾ
ਨਾਰੀ ਦਾ ਸ਼ੋਸਣ।
✪✪✪